ISSN 0972-2335

# ਅੰਮ੍ਰਿਤ ਕੀਰਤਨ

## ਅਗਸਤ 2020



*(ਸਵ: ਪ੍ਰੋ: ਗੁਰਪ੍ਰਤਾਪ ਸਿੰਘ ਗਿੱਲ ਜੀ ਦਾ ਸਨਮਾਨ)*

**ਆਨਰੇਰੀ ਸੰਪਾਦਕ**
**ਡਾ. ਜਾਗੀਰ ਸਿੰਘ**

ਮੁੱਲ 15/-



## ਮੱਘਰ

ਮੱਘਰ ਮੰਗ ਕੋਈ ਹੋਰ ਨ ਮੇਰੀ
ਚਾਹਵਾਂ ਦਰਸ਼ਨ ਪੀਰਾਂ ਦੇ।
ਦੁੱਧ ਪੁੱਤ ਵੀ ਕੋਈ ਨ ਮੰਗਾਂ
ਮੰਗਾਂ ਥਾਲ ਨ ਖੀਰਾਂ ਦੇ।
ਹਲਵੇ ਪੂਰੀ ਕੁੱਝ ਨ ਮੰਗਾਂ
ਟੁਕੜੇ ਭਲੇ ਫਕੀਰਾਂ ਦੇ।
ਚੇਨ ਸਿਲਕ ਨ ਸੂਟ ਹੀ ਮੰਗਾਂ
ਭਾਂਦੇ ਕਪੜੇ ਲੀਰਾਂ ਦੇ।
ਜਿਸ ਤਨ ਲਗੇ ਸੋਈ ਜਾਣੇ
ਕੀ ਪੁੱਛੇਂ ਸਾਡੀਆਂ ਪੀੜਾਂ ਦੇ।
ਰਾਂਝਾ ਫਿਰੇ ਸ਼ੁਦਾਈਆਂ ਵਾਂਗੂ
ਪੁੱਛਦਾ ਘਰ ਘਰ ਹੀਰਾਂ ਦੇ।
ਤਾਂਘ ਤੇਰੀ ਵਿੱਚ ਰੂਹ ਜਦ ਉਡਸੀ
ਬਣਸਨ ਖ਼ਾਕ ਸਰੀਰਾਂ ਦੇ।
ਡੁੱਲ੍ਹ ਡੁੱਲ੍ਹ ਪੈਂਦੇ ਨੇਤਰ ਮੇਰੇ
ਜਿਉਂ ਸਾਗਰ ਬਣ ਨੀਰਾਂ ਦੇ।
ਸੰਤੋਖ ਸਿੰਘ ਹੁਣ ਆ ਜਾਉ ਜਾਨੀ
ਲਾਉ ਮਰ੍ਹਮ ਦਰਸ ਇਨ੍ਹਾਂ ਪੀੜਾਂ ਦੇ।

## मघघर

मघघर मंग कोयी होर न मेरी
चाहवां दर्शन पीरां दे।
दुद्ध पुत्त वी कोयी न मंगां
मंगां थाल न खीरां दे।
हलवे पूरी कुझ्झ न मंगां
टुकड़े। भले फकीरां दे।
चेन सिल्क न सूट ही मंगां
भांदे कपड़े लीरां दे।
जिस तन लगे सोयी जाने
की पुच्छें साडियां पीड़ां दे।
रांझा फिरे शुदाईआं वांगू
पुच्छदा घर घर हीरां दे ।
तांघ तेरी विच्च रूह जद उडसी
बणसन खाक सरीरां दे ।
डुल्ल्ह डुल्ल्ह पैंदे नेत्र मेरे
ज्युं सागर बण नीरां दे।
संतोख सिंह हून आ जाऊ जानी
लाउ मरहम दरस इन्हां पीड़ां दे।

ਪੁਸਤਕ ਗੁੱਝੀਆਂ ਰਮਜ਼ਾਂ – ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ


**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ.

ਸਹਿਯੋਗੀ

**ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ**


- **ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**
- **'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90, ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।**

## ਚੰਦੇ ਦਾ ਵੇਰਵਾ

- **ਇਕ ਕਾਪੀ: 15 ਰੁਪਏ**
- **ਦੇਸ਼ ਸਾਲਾਨਾ ਚੰਦਾ: 150 ਰੁਪਏ**
- **ਜੀਵਨ ਮੈਂਬਰ ਚੰਦਾ: 1500 ਰੁਪਏ**
- **ਵਿਦੇਸ਼: ਸਾਲਾਨਾ ਚੰਦਾ INR 1500**
- **'ਅੰਮ੍ਰਿਤ ਕੀਰਤਨ' ਲਈ ਡਰਾਫ਼ਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-**


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ-160015

ਫ਼ੋਨ: 0172-2772660, 098140 53630

e-mail: drjagirsingh@gmail.com

Website: http://www.amritkirtan.com



**ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਸ਼ੋਅਰੂਮ ਨੰ: 443, ਸੈਕਟਰ 70, ਮੁਹਾਲੀ (ਫ਼ੋਨ: 0172-2216283, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


| | |
|---|---|
| **ਮੱਘਰ - ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ** | ਟਾ-2 |
| **ਸੰਪਾਦਕੀ: ਕਰਉ ਬੇਨੰਤੀਆ: ਦੁਖ ਕੀਆ ਪੰਡਾ ਖੁਲੀਆ** | 2 |
| **ਪ੍ਰੋ: ਗੁਰਪ੍ਰਤਾਪ ਸਿੰਘ ਗਿੱਲ – ਡਾ: ਗੁਰਨਾਮ ਸਿੰਘ** | 3 |
| **ਪੰਜਾਬ ਦੀ ਸੰਗੀਤ ਪਰੰਪਰਾ ਦਾ ਨਾਮਵਰ ਹਸਤਾਖ਼ਰ: ਗੁਰਪ੍ਰਤਾਪ ਸਿੰਘ ਗਿੱਲ – ਡਾ: ਨਿਵੇਦਿਤਾ ਸਿੰਘ** | 6 |
| **ਸ੍ਰੀ ਗੁਰੂ ਨਨਕ ਦੇਵ ਜੀ ਦਾ ਸੰਗੀਤ ਪ੍ਰਤੀ ਯੋਗਦਾਨ – ਗੁਰਨਦਰ ਸਿੰਘ** | 10 |
| **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਬਿਲਾਵਲ ਸਬੰਧੀ ਵੇਰਵਾ – ਗੁਰਧਿਆਨ ਕੁਮਾਰ** | 16 |
| **ਸੁਰਲਿਪੀ ਰਾਗ ਨਾਇਕੀ ਕਾਨ੍ਹੜਾ (ਰੂਪਕ ਤਾਲ) – ਗੁਰਬਖ਼ਸ਼ ਸਿੰਘ** | 19 |
| **ਸੁਰਲਿਪੀ ਵਾਲਾ ਸ਼ਬਦ ਅਤੇ ਉਸ ਦੇ ਅੰਗ੍ਰੇਜ਼ੀ ਵਿਚ ਅਰਥ** | 20 |


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05-2008 valid up to 31/03/2012 and now valid in perpetuity. Cheques/Drafts should be sent in the name of **AMRIT KIRTAN TRUST** payable at Mohali . Donations can also be sent by money order at the address: **AMRIT KIRTAN TRUST** (Regd.), 422, Sector 15-A, Chandigarh-160015. The Donations can be made by Electronic Transfer also. The Bank details are: **AMRIT KIRTAN TRUST** Savings Bank A/C No.65079603302, IFSC: SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

# ਦੁਖ ਕੀਆ ਪੰਡਾ ਖੁਲੀਆ

ਅਜਕਲ ਹਰ ਰੋਜ਼ ਇੱਕ ਨਵਾਂ ਸ਼ਬਦ ਰਿਕਾਰਡ ਕਰਕੇ ਵਾਟਸਐਪ ਦੀ ਬਰਾਡਕਾਸਟ ਲਿਸਟ ਰਾਹੀਂ ਆਪਣੇ ਕੀਰਤਨ ਪ੍ਰੇਮੀਆਂ ਨੂੰ ਭੇਜਦਾ ਹਾਂ। ਕਈ ਵਾਰੀ ਜਦੋਂ ਸ਼ਲਾਘਾ ਦੇ ਸੰਕੇਤ ਮਿਲਦੇ ਹਨ ਤਾਂ ਮਨ ਨੂੰ ਹੁਲਾਰਾ ਮਿਲ ਜਾਂਦਾ ਹੈ। ਆਪਣਾ ਦਿਨ ਆਸ਼ਾਵਾਦੀ ਰੌਂਅ ਵਿੱਚ ਗੁਜ਼ਾਰਨ ਲਈ ਸਹਾਇਤਾ ਮਿਲਦੀ ਹੈ। ਕਦੀ ਕਦੀ ਕੌਈ ਪ੍ਰੇਮੀ ਕਿਸੇ ਖਾਸ ਸ਼ਬਦ ਦੀ ਫਰਮਾਇਸ਼ ਕਰਦਾ ਹੈ ਤਾਂ ਉਹਨਾਂ ਦਿਨਾਂ ਦੀ ਯਾਦ ਆ ਜਾਂਦੀ ਜਦੋਂ ਅਸੀਂ ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਵੱਡੇ ਪੰਡਾਲ ਵਿੱਚ ਕਿਸੇ ਗੁਰਪੁਰਬ ਤੇ ਸੰਗਤਾਂ ਦੇ ਵਿਸ਼ਾਲ ਸਮੂਹ ਅੱਗੇ ਕੀਰਤਨ ਕਰਦੇ ਸਾਂ ਤਾਂ ਸੰਗਤਾਂ ਵਿੱਚੋਂ ਪ੍ਰੇਮੀ ਕਦੀ 'ਭਾਗ ਹੋਆ ਗੁਰ ਸੰਤ ਮਿਲਾਇਆ,' ਮੇਰੇ ਰਾਮ ਰਾਇ ਜਿਉ ਰਾਖਿਹਿ ਤਿਉ ਰਹੀਐ ਜਾਂ ਮੇਰੇ ਹਰਿ ਜੀਉ ਸਭ ਕੋ ਤੇਰੇ ਵਸ 'ਸ਼ਬਦਾਂ ਦੀ ਫਰਮਾਇਬ ਕਰਦੇ ਸਨ। ਪਿਛੇ ਜਿਹੇ ਮੁਹਿੰਦਰਜੀਤ ਸਿੰਘ ਮੁੰਬਈ ਸਿਨੇਮਾ ਜਗਤ ਦੇ ਬੜੇ ਸੁਘੜ ਸੰਗੀਤਕਾਰ ਹਨ ਨੇ ਮੇਰੇ ਪਾਸੋਂ ਭਗਤ ਤਿਰਲੋਚਨ ਦਾ ਸ਼ਬਦ 'ਅੰਤ ਕਾਲ ਜੋ ਲਛਮੀ ਸਿਮਰੇ' ਅਤੇ ਗੁਰੂ ਨਾਨਕ ਦੇਵ ਜੀ ਦਾ ਸ਼ਬਦ 'ਸਾਜਨ ਦੇਸ ਵਿਦੇਸੀਅੜੇ' ਸੁਣਨ ਦੀ ਫਰਮਾਇਸ਼ ਕੀਤੀ ਤਾਂ ਚੰਗਾ ਲੱਗਾ। ਮੁਹਾਲੀ ਤੋਂ ਇਕ ਭੈਣ ਜੀ ਨੇ ਸ਼ਬਦ 'ਦੁਖ ਕੀਆਂ ਪੰਡਾਂ ਖੁਲੀਆਂ' ਸੁਣਨ ਦੀ ਫਰਮਾਇਸ਼ ਕੀਤੀ। ਇਹ ਸ਼ਬਦ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਰਾਇ ਸਿੰਘ ਜੀ ਨੇ ਬਹੁਤ ਵਧੀਆ ਢੰਗ ਨਾਲ ਗਾਇਨ ਕੀਤਾ ਹੈ। ਮੈਂ ਵੀ ਇਸ ਨੂੰ ਗਾਇਆ ਤੇ ਰਿਕਾਰਡ ਕਰਕੇ ਭੇਜਿਆ।

ਸਲੋਕ ਮਹਲਾ ੧ ॥
ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ ॥
ਦੁਖੁ ਦੁਖੁ ਅਗੈ ਆਖੀਐ ਪੜ੍ਹਿ ਪੜ੍ਹਿ ਕਰਹਿ ਪੁਕਾਰ ॥
ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ ॥
ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ ॥
ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ ॥
ਦੁਖ ਕੀਆ ਅਗੀ ਮਾਰੀਅਹਿ ਭੀ ਦੁਖੁ ਦਾਰੂ ਹੋਇ ॥੧॥

ਇਸ ਸ਼ਬਦ ਵਿਚ ਗੁਰੂ ਨਾਨਕ ਦੇਵ ਜੀ ਦੇ ਇਕ ਹੋਰ ਸਲੋਕ 'ਦੁਖ ਦਾਰੂ ਸੁਖ ਰੋਗ ਭਇਆ' ਵਾਲਾ ਖਿਆਲ ਹੀ ਵਿਸਤਰਤਿ ਰੂਪ ਵਿਚ ਖੁਲਦਾ ਜਾਪਦਾ ਹੈ। ਪਹਿਲੀਆਂ ਚਾਰ ਤੁਕਾਂ ਸਧਾਰਨ ਮਨੁੱਖ ਦੀ ਸੋਚ ਨੂੰ ਦਰਸਾਉਂਦੀਆਂ ਹਨ। ਜਦੋਂ ਮਨੁੱਖ ਹਰ ਵਰਤਾਰੇ ਹਰ ਤਬਦੀਲੀ ਨੂੰ ਦੁੱਖ ਸਮਝ ਲੈਂਦਾ ਹੈ। ਪਰ ਜਦੋਂ ਮਨੁੱਖ ਪਰਮਾਤਮਾ ਦੀ ਸਿਫ਼ਤ ਵਿਚ ਰੰਗ ਜਾਂਦਾ ਹੈ। ਭਾਵ ਜਦੋਂ ਉਹ ਇਸ ਸਮੁੱਚੇ ਵਰਤਾਰੇ ਦੀ ਖੇਡ ਨੂੰ ਸਮਝ ਜਾਂਦਾ ਹੈ ਤਾਂ ਉਸ ਨੂੰ ਜਾਪਦਾ ਹੈ ਕਿ ਇਹ ਦੁੱਖ ਦੀ ਅੱਗ ਤਾਂ ਸਾਡੇ ਔਗੁਣਾਂ ਨੂੰ ਸਾੜਦੀ ਹੈ ਤੇ ਸਾਨੂੰ ਨਿਖਾਰ ਦਿੰਦੀ ਹੈ। ਫਿਰ ਇਹੀ ਦੁੱਖ ਦਾਰੂ ਜਾਪਣ ਲੱਗ ਪੈਂਦਾ ਹੈ। ਇਸ ਸਲੋਕ ਦਾ ਅਰਥ ਕਰਨ ਲੱਗਿਆਂ ਅਰਥਕਾਰ ਨੇ ਆਖਰ ਵਿਚ ਟਿਪਣੀ ਵੀ ਕੀਤੀ ਹੈ। ਸਵੇਰੇ ਮੰਜੇ ਤੇ ਸੁਖ ਵਿਚ ਸੁੱਤਾ ਰਹੇ ਤਾਂ ਇਹ ਦੁੱਖ ਬਣ ਜਾਂਦਾ ਹੈ, ਪਰ ਜੇ ਸਵੇਰੇ ਉਠ ਕੇ ਬਾਹਰਿ ਜਾ ਕੇ ਕਸਰਤ ਆਦਿਕ ਕਸ਼ਟ ਉਠਾਏ ਤਾਂ ਉਹ ਦੁਖ ਸੁਖਦਾਈ ਬਣ ਜਾਂਦਾ ਹੈ। ਜ਼ਿੰਦਗੀ ਦੇ ਕਿਸੇ ਵੀ ਖੇਤਰ ਵਿਚ ਕਾਮਯਾਬ ਹੋਣ ਲਈ ਜੱਦੋ-ਜਹਿਦ ਕਰਨੀ ਜ਼ਰੂਰੀ ਹੈ।ਸਰੀਰਕ ਅਤੇ ਮਾਨਸਿਕ ਤਕੜਾਈ ਲਈ ਰੁਕਾਵਟਾਂ ਜ਼ਰੂਰੀ ਹਨ। ਤੂਫ਼ਾਨਾਂ ਵਿਚ ਕਿਸ਼ਤੀਆਂ ਚਲਾਉਣ ਵਾਲੇ ਹੀ ਕਾਮਯਾਬ ਮਲਾਹ ਬਣਦੇ ਹਨ। ਬਾਜ਼ ਜਾਂ ਉਕਾਬ ਉਦੋਂ ਹੀ ਉੱਚਾ ਉਡਦਾ ਹੈ ਜਦੋਂ ਵਿਰੋਧੀ ਹਵਾਵਾਂ ਚਲਦੀਆਂ ਹਨ। ਇਕ ਬੜਾ ਪ੍ਰਸਿਧ ਸ਼ੇਅਰ ਹੈ-

ਤੁੰਦੀ ਏ ਬਾਦਾ ਏ ਮੁਖਾਲਿਫ ਸੇ ਨਾ ਘਭਰਾ ਐ ਉਕਾਬ,
ਯੇ ਤੋ ਚਲਤੀ ਹੈ ਤੁਝੇ ਊਚਾ ਉੜਾਨੇ ਕੇ ਲੀਏ।

ਇਕ ਗੱਲ ਹੋਰ ਹੁਣ ਤਕ ਮੈਂ ਇਸ ਸ਼ੇਅਰ ਨੂੰ ਅਲਾਮਾ ਮੁਹੰਮਦ ਇਕਬਾਲ ਦਾ ਸ਼ੇਅਰ ਸਮਝਦਾ ਸੀ। ਪਰ ਗੂਗਲ ਬਾਬੇ ਨੇ ਦੱਸਿਆ ਕਿ ਇਹ ਸ਼ੇਅਰ ਸਯਦ ਸਾਦਿਕ ਹੁਸੈਨ ਕਾਜ਼ਮੀ ਦਾ ਹੈ ਜਿਹੜਾ ਉਸ ਦੀ ਪੁਸਤਕ ਬਰਕ ਏ ਸਬਜ਼ ਵਿਚ ਦਰਜ ਹੈ। ਖ਼ੈਰ- ਖ਼ੈਰ- ਕੁਝ ਬਣਨ ਲਈ, ਕੁਝ ਪ੍ਰਾਪਤ ਕਰਨ ਲਈ ਆਪਣੇ ਸੁਵਿਧਾ ਖੇਤਰ - ਜਿਸਨੂੰ ਅੰਗਰੇਜ਼ੀ ਵਾਲੇ ਕਮਫਰਟ ਜ਼ੋਨ ਆਖਦੇ ਹਨ ਉਸ ਤੋਂ ਬਾਹਰ ਤਾਂ ਆਉਣਾ ਹੀ ਪਵੇਗਾ। ਸ਼ਾਇਦ ਇਹੀ ਦੁੱਖ ਦੀ ਅਗਨੀ ਹੈ, ਇਹੀ ਦੁੱਖ ਹੈ ਜਿਹੜਾ ਦਾਰੂ ਬਣ ਜਾਂਦਾ ਹੈ। ਧੰਨ ਗੁਰਬਾਣੀ -- ਭੁੱਲ ਚੁੱਕ ਖਿਮਾ ਜੀ --



# ਪ੍ਰੋ. ਗੁਰਪ੍ਰਤਾਪ ਸਿੰਘ ਗਿੱਲ

*** ਗੁਰਨਾਮ ਸਿੰਘ (ਡਾ.)**



ਪਿਛਲੇ ਦਿਨੀ ਸੰਗੀਤ ਵਿਭਾਗ ਦੇ ਸਾਬਕਾ ਮੁਖੀ ਪ੍ਰੋ. ਗੁਰਪ੍ਰਤਾਪ ਸਿੰਘ ਗਿੱਲ ਸਾਨੂੰ ਸਦਾ ਸਦਾ ਲਈ ਵਿਛੋੜੇ ਦੇ ਗਏ। ਪੰਜਾਬ ਦੀ ਸੰਗੀਤ ਪਰੰਪਰਾ ਨੂੰ ਸਰੂਪਿਤ ਕਰਨ ਲਈ ਜਿਹੜੇ ਵਿਦਵਾਨ ਸੰਗੀਤ ਅਧਿਆਪਕਾਂ ਨੇ ਆਪਣਾ ਯੋਗਦਾਨ ਪਾਇਆ ਉਨਾਂ ਵਿਚੋਂ ਪ੍ਰੋ. ਗੁਰਪ੍ਰਤਾਪ ਸਿੰਘ ਗਿੱਲ ਦਾ ਨਾਮ ਵਿਸ਼ੇਸ਼ ਹੈ। ਪਟਿਆਲਾ ਅਤੇ ਪੰਜਾਬੀ ਯੂਨੀਵਰਸਿਟੀ ਵਿਖੇ ਅਧੀ ਸਦੀ ਤੋਂ ਵੱਧ ਆਪ ਸੰਗੀਤ ਵਿਸ਼ੇ ਦੇ ਅਧਿਐਨ ਵਿਚ ਕਾਰਜਸ਼ੀਲ ਰਹੇ। ਸੰਗੀਤ ਦੀ ਅਕਾਦਮਿਕਤਾ ਤੇ ਉਸਰਈਏ ਪ੍ਰੋ. ਗੁਰਪ੍ਰਤਾਪ ਸਿੰਘ ਗਿੱਲ ਜਿੰਮੀਦਾਰ ਪਰਿਵਾਰ ਨਾਲ ਸਬੰਧ ਰਖਦੇ ਸੀ।

ਪ੍ਰੋ. ਗੁਰਪ੍ਰਤਾਪ ਸਿੰਘ ਗਿੱਲ ਨਾਲ ਮੇਰੀ ਪਹਿਲੀ ਮੁਲਾਕਾਤ 1977 ਵਿਚ ਹੋਈ ਜਦੋਂ ਇੰਟਰ ਵਰਸਿਟੀ ਯੂਥ ਫੈਸਟੀਵਲ ਉਪਰੰਤ ਗੋਲਡ ਮੈਡਲ ਜਿੱਤਣ ਉਪਰੰਤ ਮੈਨੂੰ ਵਧਾਈ ਦਿੱਤੀ ਤੇ ਆਖਿਆ, "ਸੋਹਣੇ ਸਰਦਾਰ ਬੱਚਿਆਂ ਨੂੰ ਵੇਖਕੇ ਸਾਨੂੰ ਚਾਅ ਚੜ੍ਹ ਜਾਂਦਾ ਹੈ। ਇਸੇ ਤਰ੍ਹਾਂ ਲਗੇ ਰਹੋ ਗੁਰੂ ਦੀ ਆਪ ਉਤੇ ਬਹੁਤ ਕਿਰਪਾ ਹੈ, ਅਗੇ ਅਗੇ ਵਧੋ।" ਉਚੇ ਲੰਬੇ ਕੱਦ ਵਾਲੇ ਤਕੜੇ ਜੁੱਸੇ ਵਾਲੇ ਪ੍ਰੋ. ਗਿੱਲ ਦੀ ਗਲਵੱਕੜੀ ਵਿਚ ਗਰਮਜੋਸ਼ੀ, ਦਮ ਤੇ ਪਿਆਰ ਸੀ ਜੋ ਸਾਡੀ ਪਹਿਲੀ ਸਾਂਝ ਦੀ ਸਿਮ੍ਰਤੀ ਬਣਿਆ। ਉਪਰੰਤ ਪ੍ਰੋ.

ਗਿੱਲ ਨਾਲ ਸਦੀਵੀ ਸਾਂਝ ਬਣੀ ਰਹੀ। ਇਹ ਪਿਆਰ ਉਦੋਂ ਜਦੋਂ ਉਨ੍ਹਾਂ ਨਾਲ ਸੰਗੀਤ ਵਿਭਾਗ ਵਿਚ ਸਹਿਕਰਮੀ ਵਜੋਂ ਅਧਿਆਪਨ ਕਰਵਾਉਣ ਉਪਰੰਤ ਹੋਰ ਵੀ ਵਧਿਆ। ਬਾਅਦ ਵਿਚ ਉਨ੍ਹਾਂ ਆਪਣੇ ਸਪੁੱਤਰ ਦੇ ਖੋਜ ਨਿਗਰਾਨ ਵਜੋਂ ਮੈਨੂੰ ਚੁਣਿਆ। ਡਾ. ਰਾਜਿੰਦਰ ਸਿੰਘ ਗਿੱਲ ਨੇ ਆਪਣੇ ਪਿਤਾ ਪ੍ਰੋ. ਗਿੱਲ ਵਾਗੂੰ ਆਪਣੇ ਸੰਸਕਾਰਾਂ ਅਨੁਸਾਰ ਹਮੇਸ਼ਾ ਹੀ ਬਹੁਤ ਪਿਆਰ ਸਤਿਕਾਰ ਦਿਤਾ।

ਜਸਵੰਤ ਸਿੰਘਵਾਲਾ, ਮੁਲਤਾਨ, ਪਾਕਿਸਤਾਨ 1934 ਵਿਚ ਸ. ਸੋਹਣ ਸਿੰਘ ਦੇ ਘਰ ਜਨਮੇ ਪ੍ਰੋ. ਗਿੱਲ ਨੇ ਖਾਲਸਾ ਕਾਲਜ, ਅੰਮ੍ਰਿਤਸਰ ਤੇ ਰਾਮਗੜ੍ਹੀਆ ਕਾਲਜ, ਫਗਵਾੜਾ ਦੇ ਹੋਣਹਾਰ ਵਿਦਿਆਰਥੀ ਤੇ ਫੁਟਬਾਲ ਦੇ ਨਾਮੀ ਖਿਡਾਰੀ ਰਹੇ। ਆਪ ਭਾਵੇਂ ਉੱਚ ਕੋਟੀ ਦੇ ਖਿਡਾਰੀ ਸਨ, ਅੰਦਰਲਾ ਸੂਖਮ ਭਾਵੀ ਗੁਰਪ੍ਰਤਾਪ ਹਮੇਸ਼ਾ ਸੰਗੀਤ ਦਾ ਦੀਵਾਨਾ ਸੀ। ਇਹੀ ਦੀਵਾਨਗੀ ਉਨ੍ਹਾਂ ਨੰ ਪੰਜਾਬ ਪ੍ਰਸਿੱਧ ਨਾਮਾਵਰ ਵਿਦਵਾਨ, ਸੰਗੀਤਕਾਰ ਪੰਡਤ ਹਰੀਸ਼ ਚੰਦਰ ਬਾਲੀ ਦੇ ਦਰ ਉਤੇ ਲੈ ਗਈ ਜੋ ਪੰਡਤ ਭਾਸਕਰ ਰਾਓ ਸਾਹਿਬ ਦੇ ਸ਼ਗਿਰਦ ਸਨ। ਉਨ੍ਹਾਂ ਪ੍ਰੋ. ਗਿੱਲ ਨੂੰ ਸੰਗੀਤ ਵਿਸ਼ਾਰਦ, ਸੰਗੀਤ ਭਾਸਕਰ ਅਤੇ ਪ੍ਰਯਾਗ ਸੰਗੀਤ ਸੰਮਤੀ ਅਲਾਹਬਾਦ ਤੋਂ ਸੰਗੀਤ ਪ੍ਰਵੀਨ ਦੀ ਵਿਦਿਆ ਦਿਵਾਈ।

ਪੰਜਾਬੀ ਯੂਨੀਵਰਸਿਟੀ ਦੀ ਸਥਾਪਨਾ ਤੇ ਇਸ ਦੇ ਆਰੰਭਿਕ ਵਿਕਾਸ ਦੀ ਸ਼ਾਹਦੀ ਭਰਨ ਵਾਲੀਆਂ ਸਖਸ਼ੀਅਤਾਂ ਵਿਚੋਂ ਇਕ ਸਨ। ਮੌਜੂਦਾ ਕੈਂਪਸ ਦੇ ਮੁੱਢਲੇ ਸਮਾਗਮਾਂ ਵਿਚ ਪ੍ਰੋ. ਗੁਰਪ੍ਰਤਾਪ ਸਿੰਘ ਗਿੱਲ ਤੇ ਉਨ੍ਹਾਂ ਦੀ ਟੀਮ ਦਾ ਸੰਗੀਤ ਗੂੰਜਿਆ। ਇਸੇ ਕਰਕੇ ਰਾਸ਼ਟਰਪਤੀ ਡਾ. ਜ਼ਾਕਿਰ ਹੁਸੈਨ ਦੀ ਫੇਰੀ ਸਮੇਂ ਉਸ ਸਮੇਂ ਦੇ ਗਵਰਨਰ ਸ੍ਰੀ ਡੀ.ਸੀ. ਪਾਵਟੇ ਵਲੋਂ ਗੋਲਡ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।

ਪਟਿਆਲਾ ਸ਼ਹਿਰ ਵਿਚ ਬੱਚਿਆਂ ਤੇ ਵਿਦਿਆਰਥੀਆਂ ਨੂੰ ਤਾਲੀਮ ਦੇਣ ਵਾਲੇ ਅਧਿਆਪਕਾਂ ਵਿਚੋਂ ਪ੍ਰੋ. ਗਿੱਲ ਮੋਹਰੀ ਸਨ। ਸੈਂਟਰਲ ਸਟੇਟ ਲਾਇਬਰੇਰੀ ਵਿਖੇ ਸੰਗੀਤ ਦੀ ਸਥਾਪਿਤ ਅਕੈਡਮੀ, ਉਪਰੰਤ ਸਪੀਚ ਐਂਡ ਡਰਾਮਾ ਵਿਭਾਗ, ਪੰਜਾਬੀ ਯੂਨੀਵਰਸਿਟੀ, ਸਰਕਾਰੀ ਕਾਲਜ ਲੜਕੀਆਂ ਵਿਖੇ ਨਿਰੰਤਰ ਕਈ ਦਹਾਕੇ ਅਧਿਆਪਨ ਕਰਵਾਇਆ। ਉਪਰੰਤ 1984 ਵਿਚ ਪ੍ਰੋ. ਅਨਿਲ ਨਰੂਲਾ ਨਾਲ ਮਿਲਕੇ ਪੰਜਾਬੀ ਯੂਨੀਵਰਸਿਟੀ ਵਿਖੇ ਵਾਈਸ ਚਾਂਸਲਰ ਡਾ. ਐਸ.ਐਸ.ਜੌਹਲ ਕੋਲੋਂ ਵਿਭਾਗ ਸਥਾਪਿਤ ਕਰਵਾਇਆ ਅਤੇ ਐਮ.ਏ. ਸੰਗੀਤ, ਗਾਇਨ ਤੇ ਵਾਦਨ ਦਾ ਪ੍ਰਾਰੰਭ ਕਰਵਾਇਆ ਜਿਸਦੇ ਮੁਖੀ ਵਰਤਮਾਨ ਸਮੇਂ ਇਨ੍ਹਾਂ ਦੇ ਹੀ ਸਪੁੱਤਰ ਡਾ. ਰਾਜਿੰਦਰ ਸਿੰਘ ਗਿੱਲ ਹਨ ਜੋ ਨਾਰਥ ਜ਼ੋਨ ਕਲਚਰਲ ਸੈਂਟਰ ਦੇ ਡਾਇਰੈਕਟਰ ਬਣੇ ਤੇ ਕਲਾ ਭਵਨ ਲਈ ਯੂਨੀਵਰਸਿਟੀ ਵਾਸਤੇ ਪੂਰਨ ਵਿਤੀ ਸਹਿਯੋਗ ਜੁਟਾਉਣ ਵਿਚ ਇਨ੍ਹਾਂ ਦਾ ਵਿਸ਼ੇਸ਼ ਯੋਗਦਾਨ ਹੈ।

ਪ੍ਰੋ. ਗੁਰਪ੍ਰਤਾਪ ਸਿੰਘ ਗਿੱਲ ਜਿਥੇ ਸ਼ਾਸਤਰੀ ਗਾਇਨ ਦੇ ਵਿਦਵਾਨ ਅਧਿਆਪਕ ਸਨ, ਉਥੇ ਉਨ੍ਹਾਂ ਪੰਜਾਬ ਦੀ ਲੋਕ ਸੰਗੀਤ ਪਰੰਪਰਾ ਨਾਲ ਵੀ ਪੂਰਨ ਪਿਆਰ ਸੀ। ਉਨ੍ਹਾਂ ਪੰਜਾਬ ਦੀਆਂ ਲੋਕ ਧੁਨਾਂ ਨੂੰ ਸੁਰਲਿਪੀ ਬੱਧ ਕੀਤਾ ਅਤੇ ਪੰਜਾਬੀ ਯੂਨੀਵਰਸਿਟੀ ਤੋਂ ਪੁਸਤਕ ਵੀ ਪ੍ਰਕਾਸ਼ਿਤ ਕਰਵਾਈ। ਇਹੋ ਗੁੜਤੀ ਉਨ੍ਹਾਂ ਪ੍ਰੋ. ਰਾਜਿੰਦਰ ਸਿੰਘ ਗਿੱਲ ਨੂੰ ਦਿੱਤੀ ਜੋ ਪੰਜਾਬੀ ਲੋਕ ਸੰਗੀਤ ਦੇ ਖੋਜੀ ਤੇ ਸੁਘੜ ਸੰਯੋਜਕ ਹਨ। ਆਪ ਦੀ ਇਕ ਹੋਰ ਪੁਸਤਕ "ਗਾਇਨ ਵਿਧੀ" ਤੋਂ ਇਲਾਵਾ "ਗੁਰਮਤਿ ਸੰਗੀਤ ਵਿਚ ਪ੍ਰਯੁਕਤ ਲੋਕ ਸੰਗੀਤ ਤੱਤ" ਦੀ ਰਚਨਾ ਵੀ ਕੀਤੀ। ਗੁਰਮਤਿ ਸੰਗੀਤ ਦੀ ਅਕਾਦਮਿਕ ਸਥਾਪਨਾ ਦੀ ਮੁਹਿੰਮ ਵਿਚ ਪ੍ਰੋ. ਗੁਰਪ੍ਰਤਾਪ ਸਿੰਘ ਗਿੱਲ ਅਤੇ ਇਨ੍ਹਾਂ ਦੇ ਸਪੁੱਤਰ ਡਾ. ਰਾਜਿੰਦਰ ਸਿੰਘ ਗਿੱਲ ਨੇ ਸਾਡਾ ਬਹੁਤ ਸਾਥ ਦਿੱਤਾ। ਇਥੋਂ ਤੱਕ ਕਿ ਡਾ. ਰਾਜਿੰਦਰ ਸਿੰਘ ਗਿੱਲ ਨੇ ਪੀ-ਐਚ.ਡੀ. ਵੀ ਗੁਰਮਤਿ ਸੰਗੀਤ ਦੇ ਖੇਤਰ ਵਿਚ ਕੀਤੀ।

ਪ੍ਰੋ. ਗੁਰਪ੍ਰਤਾਪ ਸਿੰਘ ਗਿੱਲ ਸ਼ਾਸਤਰੀ ਗਾਇਨ ਦੀਆਂ ਪੰਜਾਬੀ ਬੰਦਸ਼ਾਂ ਦੇ ਬਹੁਤ ਸ਼ੌਕੀਨ ਸਨ। ਪ੍ਰੋ. ਗਿੱਲ ਪੰਜਾਬੀ ਬੰਦਸ਼ਾਂ ਵਿਦਿਆਰਥੀਆਂ ਨੂੰ ਸਿਖਾਉਣ ਵਿਚ ਹਮੇਸ਼ਾ ਖੁਸ਼ੀ ਮਹਿਸੂਸ ਕਰਦੇ ਸਨ। ਆਪ ਦੇ ਕਈ ਵਿਦਿਆਰਥੀ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀ ਵਿਚ ਅਧਿਆਪਨ ਕਰਵਾ ਰਹੇ ਹਨ। ਦੇਸ਼ ਵਿਦੇਸ਼ ਦੀਆਂ ਸੰਸਥਾਵਾਂ ਵਲੋਂ ਦਿਤੇ ਗਏ ਹੋਰ ਸਨਮਾਨਾਂ ਤੋਂ ਇਲਾਵਾ ਪ੍ਰਿੰ. ਸ਼ਮਸ਼ੇਰ ਸਿੰਘ ਕਰੀਰ ਐਵਾਰਡ, ਪ੍ਰੋ. ਤਾਰਾ ਸਿੰਘ ਸਿਮ੍ਰਤੀ ਐਵਾਰਡ ਅਤੇ ਪੰਜਾਬ ਸੰਗੀਤ ਰਤਨ ਐਵਾਰਡ ਵਿਸ਼ੇਸ਼ ਹਨ। ਅਚਾਨਕ ਮਿਤੀ 29 ਜੂਨ, 2020 ਨੂੰ ਆਪ ਸਾਨੂੰ ਸਦੀਵੀ ਵਿਛੋੜਾ ਦੇ ਗਏ ਪਰੰਤੂ ਆਪਣੇ ਵਿਦਿਆਰਥੀਆਂ ਤੋਂ ਖੋਜ ਦੁਆਰਾ ਉਨ੍ਹਾਂ ਜੋ ਸੰਗੀਤ ਦੀ ਸੇਵਾ ਕੀਤੀ ਹੈ, ਉਸ ਲਈ ਆਪ ਨੂੰ ਪੰਜਾਬ ਦੀ ਸੰਗੀਤ ਪਰੰਪਰਾ ਦੇ ਉਸਰਈਏ ਵਜੋਂ ਹਮੇਸ਼ਾ ਯਾਦ ਰੱਖਿਆ ਜਾਵੇਗਾ।

* ਫ਼ਾਊਂਡਰ ਪ੍ਰੋਫੈਸਰ, ਗੁਰਮਤਿ ਸੰਗੀਤ ਚੇਅਰ – ਗੁਰਮਤਿ ਸੰਗੀਤ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

---

# ਪੰਜਾਬ ਦੀ ਸੰਗੀਤ ਪਰੰਪਰਾ ਦਾ ਨਾਮਵਰ ਹਸਤਾਖ਼ਰ: ਗੁਰਪ੍ਰਤਾਪ ਸਿੰਘ ਗਿੱਲ

* ਡਾ. ਨਿਵੇਦਿਤਾ ਸਿੰਘ

ਪੰਜਾਬ ਦੀ ਸ਼ਾਸਤਰੀ ਸੰਗੀਤ ਪਰੰਪਰਾ ਨੂੰ ਸਹੇਜਣ ਤੇ ਪ੍ਰਫੁਲਿਤ ਕਰਨ ਵਿੱਚ ਜਿਹਨਾਂ ਸੰਗੀਤ ਸਾਧਕਾਂ ਤੇ ਕਰਮੀਆਂ ਦਾ ਯੋਗਦਾਨ ਰਿਹਾ ਹੈ, ਉਹਨਾਂ ਵਿੱਚੋਂ ਸ. ਗੁਰਪ੍ਰਤਾਪ ਸਿੰਘ ਗਿੱਲ ਦਾ ਨਾਮ ਮੂਹਰਲੀ ਕਤਾਰ ਵਿੱਚ ਹੈ। ਦੇਸ਼ ਦੀ ਆਜ਼ਾਦੀ ਵੇਲੇ ਹੋਈ ਪੰਜਾਬ ਵੰਡ ਦੌਰਾਨ ਵੱਡੀ ਗਿਣਤੀ ਵਿੱਚ ਮੁਸਲਮਾਨ ਸੰਗੀਤਕਾਰ ਪਾਕਿਸਤਾਨ ਹਿਜਰਤ ਕਰ ਗਏ। ਵੰਡ ਦੇ ਜ਼ਖ਼ਮ ਲੰਮਾ ਸਮਾਂ ਪੰਜਾਬ ਦੀਆਂ ਕਲਾਵਾਂ ਅਤੇ ਕਲਾਕਾਰਾਂ ਨੇ ਆਪਣੇ ਪਿੰਡੇ ਹੰਢਾਏ। ਮੁੜ ਹਿੰਮਤ ਕਰ ਕੇ ਐਧਰਲੇ ਪੰਜਾਬ ਦੇ ਸੰਗੀਤਕਾਰਾਂ ਨੇ ਸ਼ਾਸਤਰੀ ਸੰਗੀਤ ਦੀ ਪੁਨਰ ਸਥਾਪਤੀ ਦਾ ਬੀੜਾ ਚੁੱਕਿਆ। ਨਾਲ ਹੀ 50 ਦੇ ਦਹਾਕੇ ਵਿੱਚ ਪੰਜਾਬ ਦੇ ਕੁਝ ਕਾਲਜਾਂ ਵਿੱਚ ਸੰਗੀਤ ਇੱਕ ਵਿਸ਼ੇ ਵਜੋਂ ਸਥਾਪਿਤ ਹੋਇਆ। ਕਈ ਸੰਗੀਤਕਾਰਾਂ ਨੇ ਨਿਜੀ ਵਿਦਿਆਲਿਆਂ ਦੀ ਸਥਾਪਨਾ ਕਰ ਕੇ ਸੰਗੀਤ ਦੇ ਅਨੇਕ ਜਿਗਿਆਸੂਆਂ ਨੂੰ ਤਾਲੀਮ ਪ੍ਰਦਾਨ ਕਰਨੀ ਆਰੰਭ ਕੀਤੀ। ਇੱਕ ਵਾਰ ਫੇਰ ਪੰਜਾਬ ਵਿੱਚ ਸ਼ਾਸਤਰੀ ਸੰਗੀਤ ਦਾ ਪਰਚਮ ਲਹਿਰਾ ਉੱਠਿਆ ਤੇ ਇਹਨਾਂ ਸਿਰੜੀ ਸੰਗੀਤ ਸਾਧਕਾਂ ਤੇ ਉਸਤਾਦਾਂ ਨੇ ਹਿਜਰਤ ਕਰ ਗਏ ਸੰਗੀਤਕਾਰਾਂ ਰਾਹੀਂ ਪੈਦਾ ਹੋਏ ਖਲਾਅ ਨੂੰ ਪੂਰਾ ਕੀਤਾ।

ਇੱਕ ਅਜਿਹੇ ਹੀ ਸੰਗੀਤ ਕਰਮੀ ਅਤੇ ਉਸਤਾਦ ਸ. ਗੁਰਪ੍ਰਤਾਪ ਸਿੰਘ ਗਿੱਲ ਦਾ ਜਨਮ ਸ. ਸੋਹਣ ਸਿੰਘ ਦੇ ਘਰ ਮਾਤਾ ਸਰਦਾਰਨੀ ਹੁਕਮ ਕੌਰ ਦੀ ਕੁੱਖੋਂ 1934 ਈ. ਨੂੰ ਰਾਵਲਪਿੰਡੀ (ਪਾਕਿਸਤਾਨ) ਵਿਖੇ ਹੋਇਆ। ਪਿਤਾ ਸ. ਸੋਹਣ ਸਿੰਘ ਵੰਡ ਤੋਂ ਪਹਿਲਾਂ ਪੁਲਿਸ ਵਿੱਚ ਬਤੌਰ ਇੰਸਪੈਕਟਰ ਤਾਇਨਾਤ ਸਨ। ਉਦੋਂ ਜਲਸਿਆਂ ਅਤੇ ਸਮਾਗਮਾਂ ਵਿੱਚ ਨਾਮਵਰ ਬਾਈਆਂ ਦੀ ਮਹਿਫ਼ਿਲ ਕਰਵਾਉਣ ਦਾ ਪ੍ਰਚਲਨ ਸੀ। ਅਜਿਹੇ ਜਲਸਿਆਂ ਵਿੱਚ ਬਾਲਕ

ਗੁਰਪ੍ਰਤਾਪ ਗਾਣਾ ਸੁਣਦਾ ਤਾਂ ਉਸ ਨੂੰ ਬਹੁਤ ਚੰਗਾ ਲੱਗਦਾ। ਵੇਖਦੇ ਵੇਖਦੇ ਇਹ ਸ਼ੌਕ ਜਨੂੰਨ ਵਿੱਚ ਬਦਲ ਗਿਆ ਤੇ ਸੰਗੀਤ ਨਾਲ ਪਿਆਰ ਵੱਧਦਾ ਹੀ ਗਿਆ। ਆਪ ਦੀ ਮੁਢਲੀ ਸਕੂਲੀ ਸਿੱਖਿਆ ਲਾਇਲਪੁਰ (ਪਾਕਿਸਤਾਨ) ਵਿਖੇ ਹੋਈ।

ਦੇਸ਼ ਵੰਡ ਤੋਂ ਬਾਅਦ ਪਰਿਵਾਰ ਨੂੰ ਐਧਰਲੇ ਪੰਜਾਬ ਵਿੱਚ ਜ਼ਿਲ੍ਹਾ ਨਵਾਂਸ਼ਹਿਰ ਦੇ ਪਿੰਡ ਬੇਗ਼ਮਪੁਰ ਵਿੱਚ ਜ਼ਮੀਨ ਅਲਾਟ ਹੋਈ। ਲੁਧਿਆਣਾ ਦੇ ਆਰੀਆ ਹਾਈ ਸਕੂਲ ਤੋਂ ਆਪਨੇ ਸਕੂਲੀ ਵਿਦਿਆ ਸੰਪਨ ਕੀਤੀ। ਉਪਰੰਤ ਖ਼ਾਲਸਾ ਕਾਲਜ, ਅੰਮ੍ਰਿਤਸਰ ਅਤੇ ਰਾਮਗੜ੍ਹੀਆ ਕਾਲਜ, ਫਗਵਾੜਾ ਤੋਂ ਗ੍ਰੈਜੂਏਸ਼ਨ ਦੀ ਡਿਗਰੀ ਹਾਸਿਲ ਕੀਤੀ। ਪੜ੍ਹਾਈ ਦੌਰਾਨ ਆਪ ਫੁੱਟਬਾਲ ਦੇ ਖਿਡਾਰੀ ਵਜੋਂ ਉਭਰੇ ਅਤੇ ਰਾਸ਼ਟਰੀ ਪੱਧਰ ਉੱਤੇ ਖੇਡਣ ਦਾ ਮਾਣ ਪ੍ਰਾਪਤ ਹੋਇਆ। ਆਪ ਦੇ ਸਾਥੀ ਖੇਡ ਦੇ ਮੈਦਾਨ ਵਿੱਚ ਆਪ ਦੀ ਮਜ਼ਬੂਤ ਰੱਖਿਆ ਕੁਸ਼ਲਤਾ ਨੂੰ ਚੀਨ ਦੀ ਦੀਵਾਰ ਕਹਿੰਦੇ ਸਨ। ਖੇਡ ਵਿੱਚ ਆਪਦੀ ਮੁਹਾਰਤ ਵੇਖਦੇ ਹੋਏ ਉਸ ਵੇਲੇ ਦੇ ਮਹਾਂ ਪੰਜਾਬ ਦੇ ਆਈ.ਜੀ. ਪੁਲੀਸ ਅਸ਼ਵਿਨੀ ਕੁਮਾਰ ਨੇ ਸਪੋਰਟਸ ਕੈਟਾਗਰੀ ਵਿੱਚ ਆਪ ਨੂੰ ਐੱਸ.ਆਈ. ਭਰਤੀ ਕਰਨ ਦੀ ਪੇਸ਼ਕਸ਼ ਕੀਤੀ ਪਰ ਸੰਗੀਤ ਦੇ ਪਿਆਰ ਵੱਸ ਪੈਣ ਕਾਰਨ ਆਪ ਨੇ ਨਿਮਰਤਾ ਸਾਹਿਤ ਇਸ ਨੂੰ ਨਾਂਹ ਕਰ ਦਿੱਤੀ। ਖ਼ੁਦ ਇੱਕ ਸੰਗੀਤ ਪ੍ਰੇਮੀ ਹੋਣ ਕਾਰਨ ਅਸ਼ਵਿਨੀ ਕੁਮਾਰ ਆਪ ਦੇ ਦਿਲ ਦੀ ਗੱਲ ਸਮਝ ਗਏ।

ਸੰਗੀਤ ਪ੍ਰਤੀ ਆਕਰਸ਼ਣ ਕਾਰਨ ਆਪਨੇ ਆਪਣੀ ਅਗਲੇਰੀ ਪੜ੍ਹਾਈ ਵਿੱਚੇ ਛੱਡਦੇ ਹੋਏ ਜਲੰਧਰ ਵਿਖੇ ਪੰਡਿਤ ਹਰੀਸ਼ ਚੰਦ੍ਰ ਬਾਲੀ ਤੋਂ ਗਾਇਨ ਦੀ ਵਿਧੀਵਤ ਤਾਲੀਮ ਲੈਣੀ ਸ਼ੁਰੂ ਕੀਤੀ ਜੋ ਸੰਗੀਤ ਰਤਨ ਪੰਡਿਤ ਭਾਸਕਰ ਰਾਓ ਬਖਲੇ ਦੇ ਸ਼ਗਿਰਦ ਸਨ। ਜਲੰਧਰ ਉਸ ਸਮੇਂ ਸ਼ਾਸਤਰੀ ਸੰਗੀਤ ਦਾ ਗੜ੍ਹ ਸੀ ਤੇ ਹਰਿਵੱਲਭ ਸੰਗੀਤ ਸੰਮੇਲਨ ਵਿੱਚ ਭਾਰਤ ਭਰ ਦੇ ਸ਼ਾਸਤਰੀ ਸੰਗੀਤਕਾਰ ਆਉਂਦੇ ਸਨ। ਕਈ ਸਾਲਾਂ ਤੱਕ ਨਿਰੰਤਰ ਤਾਲੀਮ ਚੱਲਦੀ ਰਹੀ ਤੇ ਇਸ ਦੌਰਾਨ ਆਪਨੇ ਪ੍ਰਾਚੀਨ ਕਲਾ ਕੇਂਦਰ ਤੋਂ ਸੰਗੀਤ ਵਿਸ਼ਾਰਦ, ਸੰਗੀਤ ਭਾਸਕਰ ਅਤੇ ਪ੍ਰਯਾਗ ਸੰਗੀਤ ਸਮਿਤੀ ਤੋਂ ਸੰਗੀਤ ਪ੍ਰਵੀਣ ਪਹਿਲੀ ਸ਼੍ਰੇਣੀ ਵਿੱਚ ਪਾਸ ਕੀਤੀ।

ਸੱਠ ਦੇ ਦਹਾਕੇ ਦੇ ਆਰੰਭ ਵਿੱਚ ਆਪ ਪਟਿਆਲੇ ਆ ਗਏ ਤੇ ਮਾਡਰਨ ਸਕੂਲ ਵਿਖੇ ਸੰਗੀਤ ਦੇ ਅਧਿਆਪਨ ਦਾ ਕਾਰਜ ਕਰਨ ਲੱਗੇ। ਨਾਲ ਹੀ ਪਟਿਆਲੇ ਦੀ ਸੈਂਟਰਲ ਸਟੇਟ ਲਾਇਬ੍ਰੇਰੀ ਵਿੱਚ ਚੱਲ ਰਹੇ ਸੰਗੀਤ ਵਿਦਿਆਲੇ ਵਿੱਚ ਸੰਗੀਤ ਦੀ ਸਿਖਲਾਈ ਦੇਣ ਲੱਗੇ। ਵਰਣਨਯੋਗ ਹੈ ਕਿ ਇਹ ਵਿਦਿਆਲਾ ਉਸ ਵੇਲੇ ਜ਼ਿਲ੍ਹਾ ਪ੍ਰਸ਼ਾਸਨ ਦੀ ਸਰਪ੍ਰਸਤੀ ਅਧੀਨ ਚੱਲਦਾ ਸੀ। ਪਟਿਆਲਾ ਇੱਕ ਵੱਡੀ ਰਿਆਸਤ ਰਹਿਣ ਕਾਰਨ ਅਤੇ ਐਥੇ ਖ਼ਿਆਲ ਗਾਇਕੀ ਦਾ ਇੱਕ ਵੱਡਾ ਘਰਾਣਾ ਵਿਕਸਿਤ ਹੋਣ ਕਾਰਨ ਸ਼ਹਿਰ ਵਿੱਚ ਸ਼ਾਸਤਰੀ ਸੰਗੀਤ ਦਾ ਕਾਫ਼ੀ ਪ੍ਰਚਾਰ-ਪ੍ਰਸਾਰ ਸੀ। ਉਸ ਵੇਲੇ ਸ੍ਰੀ ਜਗਦੀਸ਼ ਨਰੂਲਾ, ਮਾਸਟਰ ਲਛਮਣ ਦਾਸ, ਮਾਸਟਰ ਹੀਰਾ ਲਾਲ, ਮਾਸਟਰ ਪ੍ਰੇਮ ਵੱਲਭ, ਪੰਡਿਤ ਆਤਮ ਪ੍ਰਕਾਸ਼, ਪੰਡਿਤ ਜਵਾਹਰ ਲਾਲ, ਉਸਤਾਦ ਸੋਹਣ ਸਿੰਘ, ਪ੍ਰੋ. ਤਾਰਾ ਸਿੰਘ, ਪ੍ਰੋ. ਸ਼ਮਸ਼ੇਰ ਸਿੰਘ ਕਰੀਰ ਜਹੇ ਸੰਗੀਤਕਾਰ ਪਟਿਆਲਾ ਸ਼ਹਿਰ ਵਿੱਚ ਸੰਗੀਤ ਦੀ ਤਾਲੀਮ ਤੇ ਗਤੀਵਿਧੀਆਂ ਵਿੱਚ ਤਨਦੇਹੀ ਨਾਲ ਰੁੱਝੇ ਹੋਏ ਸਨ। ਗੁਰਪ੍ਰਤਾਪ ਸਿੰਘ ਗਿੱਲ ਨੇ ਐਥੇ ਆ ਕੇ ਇਹਨਾਂ ਵਿੱਚ ਹੋਰ ਵਾਧਾ ਕੀਤਾ ਅਤੇ ਸੀਨੀਅਰ ਸੰਗੀਤਕਾਰਾਂ ਦੀ ਇਸ ਪੀੜ੍ਹੀ ਨੇ ਪਟਿਆਲੇ ਨੂੰ ਸ਼ਾਸਤਰੀ ਸੰਗੀਤ ਦਾ ਨਵੇਂ ਸਿਰਿਓਂ ਕੇਂਦਰ ਬਣਾ ਦਿੱਤਾ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਥਾਪਨਾ ਹੋਣ ਉਪਰੰਤ 1969 ਵਿੱਚ ਆਪਨੇ ਸਪੀਚ, ਡਰਾਮਾ ਐਂਡ ਮਿਊਜ਼ਿਕ ਡਿਪਾਰਟਮੈਂਟ ਵਿੱਚ ਮਿਊਜ਼ਿਕ ਕੰਪੋਜ਼ਰ ਵਜੋਂ ਕਾਰਜ ਆਰੰਭਿਆ। ਯੂਨੀਵਰਸਿਟੀ ਨਾਲ ਆਪ ਦੇ ਲੰਮੇ ਸਬੰਧ ਦੀ ਇਹ ਨਿੱਗਰ ਸ਼ੁਰੂਆਤ ਸੀ। ਅਜੇ ਪੰਜਾਬੀ ਯੂਨੀਵਰਸਿਟੀ ਆਪਣੀ ਸ਼ਕਲ ਅਖ਼ਤਿਆਰ ਕਰ ਰਹੀ ਸੀ ਅਤੇ ਨਵੀਆਂ ਇਮਾਰਤਾਂ ਦੀ ਉਸਾਰੀ ਜਾਰੀ ਸੀ। ਉਸ ਵੇਲੇ ਦੇ ਵਾਈਸ ਚਾਂਸਲਰ ਡਾ. ਕਿਰਪਾਲ ਸਿੰਘ ਨਾਰੰਗ ਬੜੇ ਦੂਰਦਰਸ਼ੀ ਤੇ ਕੁਸ਼ਲ ਪ੍ਰਬੰਧਕ ਸਨ। ਗੁਰਪ੍ਰਤਾਪ ਸਿੰਘ ਹੋਰਾਂ ਦੀ ਪ੍ਰਤਿਭਾ ਨੂੰ ਉਭਾਰਨ ਤੇ ਯੂਨੀਵਰਸਿਟੀ ਦੇ ਹੱਕ ਵਿੱਚ ਸਦਉਪਯੋਗ ਕਰਨ ਦਾ ਕੋਈ ਅਵਸਰ ਖ਼ਾਲੀ ਨਹੀਂ ਜਾਣ ਦਿੱਤਾ। ਯੂਨੀਵਰਸਿਟੀ ਵੱਲੋਂ ਆਪਣੇ ਪ੍ਰਸਾਰ ਤੇ ਵਿਕਾਸ ਲਈ ਕੀਤੇ ਜਾਣ ਵਾਲੇ ਵੱਖ-ਵੱਖ ਸਮਾਗਮਾਂ ਵਿੱਚ ਸਮੂਹ ਗਾਨਾਂ ਦੀ ਪੇਸ਼ਕਾਰੀ ਸ. ਗੁਰਪ੍ਰਤਾਪ ਸਿੰਘ ਗਿੱਲ ਦੇ ਸੰਗੀਤ ਨਿਰਦੇਸ਼ਨ ਵਿੱਚ ਹੁੰਦੀ। ਇਹ ਸੰਗੀਤ ਰਚਨਾਵਾਂ ਅਤੇ ਪੇਸ਼ਕਾਰੀਆਂ ਐਨੀਆਂ ਮੋਹਕ ਹੁੰਦੀਆਂ ਕਿ ਮਹਿਮਾਨ ਵਜੋਂ ਪਧਾਰੇ ਪਤਵੰਤਿਆਂ ਦਾ ਮਨ ਮੋਹ ਲੈਂਦੀਆਂ। ਅਜਿਹੇ ਹੀ ਇੱਕ ਸਮਾਗਮ ਸਮੇਂ ਯੂਨੀਵਰਸਿਟੀ ਵਿਖੇ ਪਧਾਰੇ ਉਸ ਸਮੇਂ ਦੇ ਭਾਰਤ ਦੇ ਰਾਸ਼ਟਰਪਤੀ ਡਾ. ਜ਼ਾਕਿਰ ਹੁਸੈਨ ਦੀ ਹਾਜ਼ਰੀ ਵਿੱਚ ਪੰਜਾਬ ਦੇ ਗਵਰਨਰ ਡੀ.ਸੀ.ਪਾਵਟੇ ਵੱਲੋਂ ਆਪ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਉਸ ਸਮੇਂ ਭਾਰਤ ਦਾ ਸੁਤੰਤਰਤਾ ਦਿਵਸ ਤੇ ਗਣਤੰਤਰ ਦਿਵਸ ਯੂਨੀਵਰਸਿਟੀ ਕੈਂਪਸ ਵਿਖੇ ਬੜੀ ਸ਼ਾਨ-ਓ-ਸ਼ੌਕਤ ਨਾਲ ਮਨਾਇਆ ਜਾਂਦਾ ਤੇ ਗੁਰਪ੍ਰਤਾਪ ਸਿੰਘ ਗਿੱਲ ਆਪਣੀ ਟੀਮ ਰਾਹੀਂ ਬਹੁਤ ਸੁੰਦਰ ਗਾਇਨ ਰਚਨਾਵਾਂ ਦੀ ਪੇਸ਼ਕਾਰੀ ਦਿੰਦੇ। ਮੇਰੀ ਇਹਨਾਂ ਪੇਸ਼ਕਾਰੀਆਂ ਨਾਲ ਨਿਜੀ ਸਾਂਝ ਦਾ ਸਬੱਬ ਇਹ ਹੈ ਕਿ ਮੇਰੇ ਮਾਤਾ ਜੀ ਡਾ. ਕਮਲੇਸ਼ ਉੱਪਲ ਉਸ ਸਮੇਂ ਸਪੀਚ, ਡਰਾਮਾ ਅਤੇ ਮਿਊਜ਼ਿਕ ਵਿਭਾਗ ਵਿੱਚ ਕਾਰਜਸ਼ੀਲ ਸਨ ਅਤੇ ਇਹਨਾਂ ਸੰਗੀਤਕ ਪੇਸ਼ਕਾਰੀਆਂ ਵਿੱਚ ਗਾਇਨ ਕਰਦੇ ਸਨ। ਮੈਂ ਉਦੋਂ ਨਿੱਕੀ ਜਹੀ ਸਾਂ ਪਰ ਘਰ ਵਿੱਚ, ਮਾਂ ਦੇ ਨਾਲ ਵਿਭਾਗ ਵਿੱਚ ਤੇ ਸਮਾਗਮਾਂ ਵਿੱਚ ਇਹ ਪੇਸ਼ਕਾਰੀਆਂ ਸੁਣਦੀ ਤੇ ਅੱਜ ਵੀ ਕੁਝ ਸਤਰਾਂ ਮੇਰੇ ਜ਼ਹਿਨ ਵਿੱਚ ਸਾਂਭੀਆਂ ਹੋਈਆਂ ਹਨ, ਜਿਵੇਂ ਨੂਰਪੁਰੀ ਦਾ ਗੀਤ 'ਬੋਲਦੀਆਂ ਕੂੰਜਾਂ ਕਿਤੇ ਬੋਲਦੇ ਨੇ ਮੋਰ ਨੀ', ਦੇਸ਼ ਭਗਤੀ ਦਾ ਗੀਤ 'ਰਾਸ਼ਟ੍ਰ ਕੋ ਊਂਚਾ ਉਠਾਨਾ ਹੈ ਕਰਤਵਯ ਹਮਾਰਾ', ਗੁਰਬਾਣੀ ਦਾ ਸ਼ਬਦ 'ਹਮ ਮੈਲੇ ਤੁਮ ਊਜਲ ਕਰਤੇ' ਆਦਿ। ਸਪੀਚ, ਡਰਾਮਾ ਐਂਡ ਮਿਊਜ਼ਿਕ ਡਿਪਾਰਮੈਂਟ ਦੇ ਸੰਸਥਾਪਕ ਡਾ. ਸੁਰਜੀਤ ਸਿੰਘ ਸੇਠੀ ਇੱਕ ਪ੍ਰਸਿੱਧ ਨਾਟਕਕਾਰ ਸਨ ਤੇ ਵਿਭਾਗੀ ਨਾਟਕ ਪੇਸ਼ਕਾਰੀਆਂ ਵਿੱਚ ਸ. ਗੁਰਪ੍ਰਤਾਪ ਸਿੰਘ ਗਿੱਲ ਵੱਲੋਂ ਸੰਗੀਤ ਨਿਰਦੇਸ਼ਨ ਇਹਨਾਂ ਪੇਸ਼ਕਾਰੀਆਂ ਨੂੰ ਪ੍ਰਭਾਵਸ਼ਾਲੀ ਬਣਾਉਣ ਵਿੱਚ ਅਹਿਮ ਭੂਮਿਕਾ ਅਦਾ ਕਰਦਾ ਸੀ।

ਵਿਭਾਗੀ ਗਤੀਵਿਧੀਆਂ ਦੇ ਨਾਲ-ਨਾਲ ਯੂਨੀਵਰਸਿਟੀ ਕੈਂਪਸ ਵਿੱਚ ਸਥਿਤ ਯੂਨੀਵਰਸਿਟੀ ਮਾਡਲ ਸਕੂਲ ਵਿੱਚ ਵੀ ਸ. ਗੁਰਪ੍ਰਤਾਪ ਸਿੰਘ ਗਿੱਲ ਸਕੂਲੀ ਬੱਚਿਆਂ ਨੂੰ ਸੰਗੀਤ ਸਿਖਾਉਣ ਲਈ ਆਉਂਦੇ ਸਨ ਤੇ ਹਫ਼ਤੇ ਵਿੱਚ ਕੁਝ ਪੀਰੀਅਡ ਲਗਾਉਂਦੇ। ਉਸ ਸਕੂਲ ਦੀ ਵਿਦਿਆਰਥਣ ਹੋਣ ਨਾਤੇ ਮੈਨੂੰ ਵੀ ਉਹਨਾਂ ਤੋਂ ਸੰਗੀਤ ਦੇ ਗੁਰ ਸਿੱਖਣ ਦਾ ਅਵਸਰ ਪ੍ਰਾਪਤ ਹੋਇਆ। ਮੇਰੀ ਉਹ ਸਦਾ ਹੌਂਸਲਾ ਅਫ਼ਜ਼ਾਈ ਕਰਦੇ ਤੇ ਇਨਾਮ ਵੀ ਦਿੰਦੇ। ਉਸ ਸ਼ਾਬਾਸ਼ੀ ਨੇ ਮੇਰੇ ਅੰਦਰ ਆਤਮ ਵਿਸ਼ਵਾਸ ਪੈਦਾ ਕੀਤਾ ਤੇ ਅੱਗੇ ਚੱਲ ਕੇ ਸੰਗੀਤ ਨੂੰ ਹੀ ਮੈਂ ਆਪਣਾ ਜੀਵਨ ਉਦੇਸ਼ ਬਣਾਇਆ।

ਸਪੀਚ, ਡਰਾਮਾ ਐਂਡ ਮਿਊਜ਼ਿਕ ਡਿਪਾਰਮੈਂਟ ਦਾ ਨਵਾਂ ਨਾਮਕਰਨ ਡਿਪਾਰਮੈਂਟ ਆਫ਼ ਡਰਾਮੈਟਿਕ ਆਰਟਸ ਹੋਇਆ ਅਤੇ ਆਪ ਨੂੰ ਡੈਪੂਟੇਸ਼ਨ ਅਧੀਨ ਪਟਿਆਲੇ ਦੇ ਲੜਕੀਆਂ ਦੇ ਸਰਕਾਰੀ ਕਾਲਜ ਵਿੱਚ ਸੰਗੀਤ ਦੇ

ਅਧਿਆਪਨ ਹਿਤ ਯੂਨੀਵਰਸਿਟੀ ਵੱਲੋਂ ਭੇਜਿਆ ਗਿਆ। ਕਾਲਜ ਵਿੱਚ ਆਪਨੇ ਬੜੀ ਸੁਘੜਤਾ ਨਾਲ ਵਿਦਿਆਰਥਣਾਂ ਨੂੰ ਸੰਗੀਤ ਦੀ ਤਾਲੀਮ ਪ੍ਰਦਾਨ ਕੀਤੀ। 1984 ਵਿੱਚ ਆਪ ਦੇ ਅਣਥੱਕ ਜਤਨਾਂ ਸਦਕਾ ਯੂਨੀਵਰਸਿਟੀ ਕੈਂਪਸ ਵਿੱਚ ਸੰਗੀਤ ਵਿਭਾਗ ਦੀ ਸਥਾਪਨਾ ਹੋਈ ਜੋ ਪੰਜਾਬ ਦੀ ਕਿਸੇ ਵੀ ਯੂਨੀਵਰਸਿਟੀ ਦੇ ਕੈਂਪਸ ਵਿੱਚ ਕਾਇਮ ਹੋਣ ਵਾਲਾ ਪਹਿਲਾ ਸੰਗੀਤ ਵਿਭਾਗ ਸੀ। ਇਸੇ ਵਿਭਾਗ ਵਿੱਚ ਆਪਨੇ 1994 ਤੱਕ ਸੇਵਾ ਮੁਕਤ ਹੋਣ ਤੱਕ ਸ਼ਾਨਾਮੱਤੀ ਸੇਵਾ ਨਿਭਾਉਂਦੇ ਅਨੇਕ ਵਿਦਿਆਰਥੀਆਂ ਨੂੰ ਸੰਗੀਤ ਦੀ ਸਿਖਲਾਈ ਦਿੱਤੀ। ਇੱਕ ਵਾਰ ਫਿਰ ਇਸ ਵਿਭਾਗ ਦੀ ਵਿਦਿਆਰਥਣ ਹੋਣ ਨਾਤੇ ਮੈਨੂੰ ਉਹਨਾਂ ਤੋਂ ਸੰਗੀਤ ਸਿੱਖਣ ਦਾ ਮੌਕਾ ਮਿਲਿਆ। ਸੰਗੀਤ ਵਿਭਾਗ ਦੇ ਸੰਸਥਾਪਕ ਮੈਂਬਰ ਵਜੋਂ ਤੇ ਇਸ ਵਿਭਾਗ ਵਿੱਚ ਅਧਿਆਪਕ ਤੇ ਮੁਖੀ ਵਜੋਂ ਨਿਭਾਈ ਸੇਵਾ ਲਈ ਸ. ਗੁਰਪ੍ਰਤਾਪ ਸਿੰਘ ਗਿੱਲ 'ਤੇ ਵਿਭਾਗ ਨੂੰ ਸਦਾ ਫ਼ਖ਼ਰ ਰਹੇਗਾ।

ਸ. ਗੁਰਪ੍ਰਤਾਪ ਸਿੰਘ ਇਕ ਬੇਹੱਦ ਠਰ੍ਹੰਮੇ ਵਾਲੇ ਅਧਿਆਪਕ ਸਨ। ਕਲਾਸ ਵਿੱਚ ਸਮੇਂ ਸਿਰ ਪਹੁੰਚਣਾ ਆਪ ਦਾ ਵੱਡਾ ਗੁਣ ਸੀ ਤੇ ਕਦੇ ਵੀ ਕਲਾਸ ਲੈਣ ਤੋਂ ਖੁੰਝਦੇ ਨਹੀਂ ਸਨ। ਵਿਦਿਆਰਥੀਆਂ ਨੂੰ ਰਾਗਾਂ ਦੀ ਪੂਰੀ ਜਾਣਕਾਰੀ ਬਾਦਲੀਲ ਪ੍ਰਦਾਨ ਕਰਦੇ। ਜੇ ਕਿਸੇ ਦਿਨ ਤਬਲਾ ਵਾਦਕ ਉਪਲਬਧ ਨਾ ਹੁੰਦਾ ਤਾਂ ਆਪ ਤਬਲਾ ਵਜਾ ਕੇ ਜਾਂ ਕਈ ਵਾਰ ਇਕੱਲਾ ਡੱਗਾ ਵਜਾ ਕੇ ਵਿਦਿਆਰਥੀਆਂ ਨੂੰ ਸਿਖਾਉਂਦੇ ਅਤੇ ਅਭਿਆਸ ਕਰਾਉਂਦੇ। ਵਿਭਾਗੀ ਸਮੇਂ ਤੋਂ ਬਾਅਦ ਵੀ ਵਿਦਿਆਰਥੀ ਉਹਨਾਂ ਦੇ ਘਰ ਜਾ ਕੇ ਸਿਖਲਾਈ ਪ੍ਰਾਪਤ ਕਰਦੇ ਤੇ ਉਹ ਵੀ ਕਦੇ ਅੱਕਦੇ ਜਾਂ ਥੱਕਦੇ ਨਹੀਂ ਸਨ। ਸਫਲ ਅਧਿਆਪਕ ਹੋਣ ਦੇ ਨਾਲ-ਨਾਲ ਆਪ ਸੁਘੜ ਸੁਰ ਰਚਨਾਕਾਰ ਵੀ ਸਨ। ਇਸ ਤੱਥ ਦਾ ਖੁਲਾਸਾ ਪਹਿਲਾਂ ਕੀਤਾ ਜਾ ਚੁੱਕਿਆ ਹੈ। ਸ਼ਾਸਤਰੀ ਸੰਗੀਤ ਅਤੇ ਸੁਗਮ ਸੰਗੀਤ ਦੇ ਨਾਲ-ਨਾਲ ਲੋਕ ਸੰਗੀਤ ਪ੍ਰਤੀ ਵੀ ਆਪ ਦਾ ਵਿਸ਼ੇਸ਼ ਰੁਝਾਨ ਸੀ। ਖ਼ੁਦ ਘੜਾ ਵਜਾਉਂਦੇ ਤੇ ਕਈ ਲੋਕ ਧੁਨਾਂ ਦਾ ਗਾਇਨ ਕਰਦੇ। ਲੋਕ ਸੰਗੀਤ ਨਾਲ ਇਸੇ ਮੋਹ ਸਦਕਾ ਅੱਗੇ ਜਾ ਕੇ ਆਪ ਨੇ ਦੋ ਮਹੱਤਵਪੂਰਨ ਪੁਸਤਕਾਂ ਦੀ ਰਚਨਾ ਕੀਤੀ ਅਤੇ ਦੋਵਾਂ ਨੂੰ ਪੰਜਾਬੀ ਯੂਨੀਵਰਸਿਟੀ ਨੇ ਪ੍ਰਕਾਸ਼ਿਤ ਕੀਤਾ। ਪੁਸਤਕ 'ਪੰਜਾਬ ਦੀਆਂ ਲੋਕ ਧੁਨਾਂ' ਪਹਿਲਾਂ ਅਜਿਹਾ ਕਾਰਜ ਸੀ ਜਿਸ ਵਿੱਚ ਪੰਜਾਬੀ ਲੋਕ ਸੰਗੀਤ ਦੀਆਂ ਵੱਖ-ਵੱਖ ਧੁਨਾਂ ਨੂੰ ਸੁਰਲਿਪੀਬੱਧ ਕੀਤਾ ਗਿਆ। ਇਹ ਪੁਸਤਕ ਪੰਜਾਬੀ ਲੋਕ ਸੰਗੀਤ ਸਬੰਧੀ ਹੋਏ ਅਗਲੇਰੇ ਕਾਰਜਾਂ ਲਈ ਅਧਾਰ ਥੰਮ੍ਹ ਵਜੋਂ ਸਥਾਪਿਤ ਹੋਈ। ਪੁਸਤਕ 'ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਲੋਕ ਸੰਗੀਤਕ ਤੱਤ' ਖੋਜੀਆਂ ਅਤੇ ਜਿਗਿਆਸੂਆਂ ਲਈ ਬੇਹੱਦ ਲਾਹੇਵੰਦ ਸਿੱਧ ਹੋਈ ਕਿਉਂ ਜੋ ਇਸ ਵਿੱਚ ਵਿਸਥਾਰ ਨਾਲ ਗੁਰਮਤਿ ਸੰਗੀਤ ਪ੍ਰਬੰਧ ਵਿੱਚ ਪ੍ਰਯੋਗ ਕੀਤੇ ਗਏ ਲੋਕ ਸੰਗੀਤ ਦੇ ਤੱਤਾਂ ਦਾ ਅਧਿਐਨ ਕੀਤਾ ਗਿਆ ਹੈ। ਇਹਨਾਂ ਤੋਂ ਇਲਾਵਾ ਆਪ ਦੀ ਇੱਕ ਹੋਰ ਪੁਸਤਕ 'ਗਾਇਨ ਵਿਧੀ' ਵੀ ਪ੍ਰਕਾਸ਼ਿਤ ਹੋਈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਾਲ ਆਪ ਦੀ ਲੰਮੀ ਸਾਂਝ ਰਹੀ। ਅੱਠਵੇਂ ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ ਦੇ ਅਵਸਰ ਉੱਤੇ ਆਪ ਨੂੰ ਪੰਜਾਬ ਸੰਗੀਤ ਰਤਨ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਮਿਤੀ 24 ਜਨਵਰੀ, 2020 ਨੂੰ ਪ੍ਰੋ. ਤਾਰਾ ਸਿੰਘ ਸਿਮ੍ਰਤੀ ਸਮਾਰੋਹ ਦੇ ਅਵਸਰ ਉੱਤੇ ਪ੍ਰੋ. ਤਾਰਾ ਸਿੰਘ ਸਿਮ੍ਰਤੀ ਐਵਾਰਡ ਨਾਲ ਨਵਾਜਿਆ ਗਿਆ। ਇਸੇ ਅਵਸਰ ਉੱਤੇ ਸੰਗੀਤ ਵਿਭਾਗ ਵੱਲੋਂ ਉਮਰ ਭਰ ਦੀਆਂ ਸੰਗੀਤਕ ਪ੍ਰਾਪਤੀਆਂ ਅਤੇ ਵਿਭਾਗ ਪ੍ਰਤੀ ਯੋਗਦਾਨ ਲਈ ਲਾਈਫ਼ ਟਾਈਮ ਅਚੀਵਮੈਂਟ ਐਵਾਰਡ ਪ੍ਰਦਾਨ ਕੀਤਾ ਗਿਆ।

ਸ.ਗੁਰਪ੍ਰਤਾਪ ਸਿੰਘ ਗਿੱਲ ਦੇ ਸੰਗੀਤਕ ਸਫ਼ਰ ਵਿੱਚ ਆਪ ਦੇ ਸਾਥੀਆਂ ਅਤੇ ਸਹਿਯੋਗੀਆਂ ਦਾ ਜ਼ਿਕਰ ਕਰਨਾ ਅਤਿ ਜ਼ਰੂਰੀ ਹੈ। ਪੰਜਾਬੀ ਯੂਨੀਵਰਸਿਟੀ ਦੇ ਸਪੀਚ, ਡਰਾਮਾ ਐਂਡ ਮਿਊਜ਼ਿਕ ਵਿਭਾਗ ਵਿੱਚ ਆਪ ਦੇ ਨਾਲ ਸ਼ੁਰੂ ਤੋਂ ਹੀ ਡਾ. ਅਨਿਲ ਨਰੂਲਾ ਅਤੇ ਸ. ਮੋਹਨ ਸਿੰਘ ਦਾ ਸਾਥ ਰਿਹਾ। ਡਾ. ਅਨਿਲ ਨਰੂਲਾ ਪਟਿਆਲਾ ਘਰਾਣੇ ਦੇ ਪ੍ਰਸਿੱਧ ਵਾਇਲਨ ਵਾਦਕ ਸਨ ਅਤੇ ਪਟਿਆਲੇ ਦੇ ਨਰੂਲਾ ਪਰਿਵਾਰ ਨਾਲ ਸਬੰਧਿਤ ਸਨ। ਲੜਕੀਆਂ ਦੇ ਸਰਕਾਰੀ ਕਾਲਜ ਵਿਖੇ ਵੀ ਡੈਪੂਟੇਸ਼ਨ ਉੱਤੇ ਗੁਰਪ੍ਰਤਾਪ ਸਿੰਘ ਦੇ ਨਾਲ ਹੀ ਰਹੇ। 1984 ਵਿੱਚ ਯੂਨੀਵਰਸਿਟੀ ਵਿਖੇ ਸੰਗੀਤ ਵਿਭਾਗ ਦੀ ਸਥਾਪਨਾ ਵਿੱਚ ਦੋਵਾਂ ਨੇ ਮਿਲ ਕੇ ਯੋਗਦਾਨ ਦਿੱਤਾ। ਇਸੇ ਤਰ੍ਹਾਂ ਸ. ਮੋਹਨ ਸਿੰਘ ਤਬਲਾ ਵਾਦਕ ਸਕੂਲ, ਕਾਲਜ ਅਤੇ ਯੂਨੀਵਰਸਿਟੀ ਦੇ ਵਿਭਾਗ ਵਿੱਚ ਗੁਰਪ੍ਰਤਾਪ ਸਿੰਘ ਦੇ ਸੰਗੀ ਰਹੇ। ਜੇਠੀ ਪੀੜ੍ਹੀ ਦੇ ਇਹਨਾਂ ਸੰਗੀਤਕਾਰਾਂ ਵਿੱਚ ਆਪਸੀ ਭਾਈਚਾਰਾ ਵੀ ਕਮਾਲ ਦਾ ਸੀ। ਸ. ਗੁਰਪ੍ਰਤਾਪ ਸਿੰਘ ਗਿੱਲ ਦੇ ਪ੍ਰੋ. ਤਾਰਾ ਸਿੰਘ, ਪ੍ਰੋ. ਸ਼ਮਸ਼ੇਰ ਸਿੰਘ ਕਰੀਰ, ਡਾ. ਅਜੀਤ ਸਿੰਘ ਪੈਂਤਲ, ਡਾ. ਦਰਸ਼ਨ ਸਿੰਘ ਨਰੂਲਾ, ਸੋਹਣ ਸਿੰਘ ਅਤੇ ਪੰਡਿਤ ਯਸ਼ਪਾਲ ਨਾਲ ਦੋਸਤਾਨਾ ਸਬੰਧ ਰਹੇ ਅਤੇ ਸਾਰੇ ਆਪਸ ਵਿੱਚ ਸੰਗੀਤ ਦੀ ਚਰਚਾ ਕਰਦੇ ਰਹਿੰਦੇ। ਅਣਗਿਣਤ ਵਿਦਿਆਰਥੀਆਂ ਨੂੰ ਸੰਗੀਤ ਦੀ ਸਿਖਲਾਈ ਦੇਣ ਵਾਲੇ ਸ. ਗੁਰਪ੍ਰਤਾਪ ਸਿੰਘ ਗਿੱਲ ਦੇ ਪ੍ਰਮੁਖ ਸ਼ਗਿਰਦਾਂ ਵਿੱਚ ਆਪਦੇ ਸਪੁੱਤਰ ਡਾ. ਰਜਿਦਰ ਸਿੰਘ ਗਿੱਲ, ਬਲਜੀਤ ਸਿੰਘ, ਪਰਮਜੀਤ ਸਿੰਘ, ਸ੍ਰੀਮਤੀ ਡੌਲੀ ਰੌਏ ਅਤੇ ਪ੍ਰਸਿੱਧ ਰੰਗਕਰਮੀ ਅਤੇ ਫ਼ਿਲਮ ਅਦਾਕਾਰ ਰਜਿੰਦਰ ਜਸਪਾਲ ਦੇ ਨਾਮ ਪ੍ਰਮੁਖ ਹਨ। ਡਾ. ਰਜਿੰਦਰ ਸਿੰਘ ਗਿੱਲ ਇਸ ਸਮੇਂ ਪੰਜਾਬੀ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਵਿੱਚ ਪ੍ਰੋਫ਼ੈਸਰ ਅਤੇ ਮੁਖੀ ਵਜੋਂ ਕਾਰਜਸ਼ੀਲ ਸਨ। ਆਪ ਉੱਤਰ ਖੇਤਰ ਸਭਿਆਚਾਰਕ ਕੇਂਦਰ ਦੇ ਡਾਇਰੈਕਟਰ ਵਜੋਂ ਵੀ ਸੇਵਾ ਨਿਭਾਅ ਚੁੱਕੇ ਹਨ ਅਤੇ ਦੇਸ਼-ਵਿਦੇਸ਼ ਵਿੱਚ ਸੰਗੀਤਕ ਪ੍ਰਸਤੁਤੀਆਂ ਦੇ ਚੁੱਕੇ ਹਨ। ਆਪਦੇ ਦੂਸਰੇ ਸਪੁੱਤਰ ਹਰਜੀਤ ਸਿੰਘ ਗਿੱਲ ਗਹਿਰੇ ਸੰਗੀਤ ਪ੍ਰੇਮੀ ਹਨ ਅਤੇ ਜੱਦੀ ਪਿੰਡ ਬੇਗ਼ਮਪੁਰ ਵਿਖੇ ਰਹਿ ਕੇ ਖੇਤੀਬਾੜੀ ਅਤੇ ਬਾਗ਼ਬਾਨੀ ਕਰ ਰਹੇ ਹਨ। ਗੁਰਪ੍ਰਤਾਪ ਸਿੰਘ ਦੀ ਸੁਪਤਨੀ ਸ੍ਰੀਮਤੀ ਪਰਮਜੀਤ ਕੌਰ ਸਕੂਲ ਅਧਿਆਪਨ ਦੇ ਨਾਲ-ਨਾਲ ਆਪ ਦੀਆਂ ਸੰਗੀਤਕ ਗਤੀਵਿਧੀਆਂ ਵਿੱਚ ਪੂਰਾ ਸਾਥ ਨਿਭਾਉਂਦੇ ਰਹੇ। ਸੰਗੀਤ ਕਲਾ ਪ੍ਰਤੀ ਇਹ ਲਗਾਓ ਤੀਜੀ ਪੀੜ੍ਹੀ ਤੱਕ ਪਹੁੰਚਿਆ ਹੈ ਤੇ ਆਪ ਦਾ ਪੋਤਰਾ ਸ਼ਿਵਰਾਜ ਸਿੰਘ ਗਿੱਲ ਸਾਊਂਡ ਇੰਜੀਨੀਅਰਿੰਗ ਦੀ ਪੜ੍ਹਾਈ ਅਮਰੀਕਾ ਵਿਖੇ ਕਰ ਰਿਹਾ ਹੈ। ਪਟਿਆਲੇ ਦੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੇ ਨੇੜੇ ਪਾਸੀ ਰੋਡ ਉੱਤੇ ਉਸਰਿਆ 'ਗਿੱਲ ਹਾਊਸ' ਸਾਲਾਂ ਬੱਧੀ ਸੰਗੀਤਕ ਗਤੀਵਿਧੀਆਂ ਤੇ ਸਿਖਲਾਈ ਦਾ ਗੜ੍ਹ ਰਿਹਾ। ਮੁਸਲਮਾਨ ਕਲਾਕਾਰਾਂ ਦੀ ਹਿਜਰਤ ਤੋਂ ਬਾਅਦ ਐਧਰਲੇ ਪੰਜਾਬ ਵਿੱਚ ਸ਼ਾਸਤਰੀ ਸਗੀਤ ਦੀ ਹਿਫ਼ਾਜ਼ਤ ਤੇ ਪ੍ਰਸਾਰ ਕਰਨ ਵਾਲੇ ਸੁਘੜ ਸੰਗੀਤਕਾਰਾਂ ਦੀ ਸੂਚੀ ਵਿੱਚੋਂ ਇੱਕ ਨਾਮ ਹੋਰ ਮਨਫ਼ੀ ਹੋ ਗਿਆ ਜਦੋਂ ਮਿਤੀ 29 ਜੂਨ, 2020 ਨੂੰ ਆਪ ਇਸ ਦੁਨੀਆਂ ਨੂੰ ਅਲਵਿਦਾ ਕਹਿ ਕੇ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਬਿਰਾਜੇ।

* ਪ੍ਰੋਫ਼ੈਸਰ, ਸੰਗੀਤ ਵਿਭਾਗ, ਪੰਜਾਬੀ ਯੂਨੀਵਰਿਸਟੀ, ਪਟਿਆਲਾ
ਸੰਪਰਕ ਨੰ. 98885-15059.

# ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਗੀਤ ਪ੍ਰਤੀ ਯੋਗਦਾਨ

* ਗੁਰਨਦਰ ਸਿੰਘ

ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਬਾਨੀ ਹਨ। ਸੰਗੀਤ ਖੇਤਰ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਡੇਰਾ ਯੋਗਦਾਨ ਹੈ, ਜਿਸ ਨੂੰ ਗੁਰਮਤਿ ਸੰਗੀਤ (ਸ਼ਬਦ ਕੀਰਤਨ) ਦੇ ਨਾਮ ਨਾਲ ਸਮੁੱਚੇ ਜਗਤ ਵਿੱਚ ਜਾਣਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਰੰਭਕ ਬਾਣੀ ਜਪੁਜੀ ਸਾਹਿਬ, ਜੋ ਰਾਗ ਰਹਿਤ ਬਾਣੀ ਹੈ। ਇਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਗੁਰੂਆਂ, ਸੰਤਾਂ, ਭਗਤਾਂ ਦੀ ਸਮੁੱਚੀ ਬਾਣੀ ਰਾਗ ਆਧਾਰਿਤ ਅੰਕਿਤ ਹੈ। ਇਹ ਬਾਣੀ ਗੁਰੂ ਵਾਕ ਅਨੁਸਾਰ "ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥ ਦਇਆਲ ਪੁਰਖ ਮਿਹਰਵਾਨਾ॥ ਹਰਿ ਨਾਨਕ ਸਾਚੁ ਵਖਾਨਾ॥" (ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 628) ਬਾਣੀ ਮੁਤੱਲਕ ਹੀ ਗੁਰੂ ਨਾਨਕ ਦੇਵ ਜੀ ਦਾ ਗੁਰੂ ਵਾਕ ਹੈ "ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥ (ਅੰਗ 722) ਜੋ ਤਿਲੰਗ ਰਾਗ ਵਿਚ ਰਚਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਣੀ ਬੋਹਿਥ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਸਾਰੰਗ ਰਾਗ ਵਿੱਚ ਫਰਮਾਉਂਦੇ ਹਨ, "ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ॥ ਖੋਜਿ ਲਹਿਓ ਨਾਨਕ ਸੁਖ ਥਾਨਾ ਹਰਿ ਨਾਮਾ ਬਿਸ੍ਰਾਮ ਕਉ॥ (ਅੰਗ 1208) ਸਮੁੱਚੇ ਵਿਸ਼ਵ ਵਿੱਚ ਗੁਰਬਾਣੀ ਦਾ ਪ੍ਰਚਾਰ ਹੈ, ਬਾਣੀ ਬਾਰੇ ਹੀ ਗੁਰੂ ਸਾਹਿਬ ਫਰਮਾਉਂਦੇ ਹਨ "ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥" (ਅੰਗ 67) ਵਰਤਮਾਨ ਯੁੱਗ ਦੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਬਾਣੀ ਹੀ ਸਾਡਾ ਸਭ ਦਾ ਮਾਰਗ ਦਰਸ਼ਨ ਕਰ ਰਹੀ ਹੈ। ਇਸ ਬਾਣੀ ਮੁਤੱਲਕ ਸ੍ਰੀ ਗੁਰੂ ਅਮਰਦਾਸ ਜੀ ਸਿਰੀਰਾਗ ਵਿੱਚ ਫਰਮਾਉਂਦੇ ਹਨ "ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ॥" (ਅੰਗ 67) ਅਤੇ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ "ਬਿਨਵੰਤਿ ਨਾਨਕ ਸਦਾ ਗਾਈਐ ਪਵਿਤ੍ਰ ਅੰਮ੍ਰਿਤ ਬਾਣੀ॥" (ਅੰਗ 545) ਜੋ ਬਿਹਾਗੜਾ ਰਾਗ ਵਿੱਚ ਰਚਿਤ ਹੈ। ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁਖਾਰਬਿੰਦ ਤੋਂ ਉਚਾਰਣ ਹੋਈ ਹੈ, ਜਿਸ ਦਾ ਪ੍ਰਮਾਣ ਸਾਨੂੰ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੀ ਮਾਝ ਰਾਗ ਦੀ ਬਾਣੀ ਤੋਂ ਇਸ ਤਰ੍ਹਾਂ ਪ੍ਰਾਪਤ ਹੁੰਦਾ ਹੈ "ਜਨੁ ਨਾਨਕੁ ਬੋਲੈ ਅੰਮ੍ਰਿਤ ਬਾਣੀ॥" (ਅੰਗ 96) ਸ੍ਰੀ ਗੁਰੂ ਅਰਜਨ ਦੇਵ ਜੀ ਬਾਣੀ ਵਿੱਚ ਲਿਖਦੇ ਹਨ "ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥ ਸੁਣਿ ਹੋਵੈ ਪਰਮ ਗਤਿ ਮੇਰੀ॥" (ਅੰਗ 103) ਗੁਰੂ ਅਮਰਦਾਸ ਜੀ ਰਾਮਕਲੀ ਰਾਗ ਦੀ ਅਨੰਦ ਬਾਣੀ ਵਿਚ ਫਰਮਾਉਂਦੇ ਹਨ "ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥" (ਅੰਕ 920)

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 15 ਅਪ੍ਰੈਲ 1469 ਈਸਵੀ ਨੂੰ ਰਾਏ ਭੋਏ ਦੀ ਤਲਵੰਡੀ ਵਿਖੇ ਮਾਤਾ ਤ੍ਰਿਪਤਾ ਜੀ ਦੀ ਕੁੱਖੋ ਮਹਿਤਾ ਕਾਲੂ ਜੀ ਦੇ ਗ੍ਰਹਿ ਵਿਖੇ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਗੱਦੀ ਨਸ਼ੀਨ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਹਰਿਰਾਇ ਸਾਹਿਬ ਜੀ, ਸ੍ਰੀ ਗੁਰੂ ਹਰਿਕ੍ਰਿਸ਼ਨ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਨ। ਦਸਾਂ ਗੁਰਾਂ ਦੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਤਾਗੱਦੀ ਤੇ ਪ੍ਰਕਾਸ਼ਮਾਨ ਹਨ, ਜੋ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਸਮੁੱਚੇ ਸਿੱਖ ਜਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਗਏ ਹਨ। ਸਾਹਿਬਾ ਦਾ ਹੁਕਮ ਹੈ 'ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ'।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਮੂਹ ਗੁਰੂ ਸਾਹਿਬਾਨ ਦੁਆਰਾ ਸ਼ਬਦ ਕੀਰਤਨ ਪਰੰਪਰਾ ਦਾ ਆਰੰਭ ਹੋਇਆ। ਗੁਰੂ ਸਾਹਿਬ ਜੀ ਨੇ ਗੁਰਬਾਣੀ ਵਿੱਚ ਸੰਗੀਤ ਨੂੰ ਅਹਿਮ ਸਥਾਨ ਵਜੋਂ ਨਿਵਾਜਿਆ, ਜਿਸ ਦੇ ਕਾਰਨ ਹੀ ਹਰ ਇੱਕ ਸ਼ਬਦ ਉਚਾਰਨ ਤੋਂ ਪਹਿਲਾ ਆਪ ਜੀ ਨੇ ਸਿਰਲੇਖ ਵਿੱਚ ਉਸ ਸ਼ਬਦ ਨੂੰ ਗਾਇਨ ਕਰਨ ਦਾ ਰਾਗ ਦੱਸਿਆ ਹੈ। ਆਪ ਜੀ ਦੀ ਭਾਈ ਮਰਦਾਨਾ ਜੀ ਨਾਲ ਸਾਂਝ ਰਾਗ ਅਤੇ ਸ਼ਬਦ ਦਾ ਗਾਇਨ ਕਰਨ ਦੁਆਰਾ ਸੀ।

ਸ਼ਬਦ ਉਚਾਰਨ ਸਮੇਂ ਆਪ ਜੀ ਦੇ ਨਾਲ ਭਾਈ ਮਰਦਾਨਾ ਦੀ ਰਬਾਬ ਸਾਜ ਵਜਾਉਂਦੇ ਸਨ। ਗੁਰੂ ਪਾਤਸ਼ਾਹ ਜੀ ਭਾਈ ਮਰਦਾਨਾ ਜੀ ਨੂੰ ਇਹੋ ਹੀ ਕਹਿੰਦੇ "ਮਰਦਾਨਿਆ ਰਬਾਬ ਵਜਾਇ। ਕਾਈ ਸਿਫ਼ਤ ਖ਼ੁਦਾਇ ਦੇ ਦੀਦਾਰ ਦੀ ਕਰੀਏ"।

ਸ੍ਰੀ ਗੁਰੂ ਨਾਨਕ ਦੇਵ ਜੀ ਨੇ 20 ਮੁੱਖ ਰਾਗਾਂ ਵਿਚ ਬਾਣੀ ਉਚਾਰਨ ਕੀਤੀ ਹੈ। ਰਾਗਾਂ ਦੇ ਨਾਮਾਂ ਦਾ ਅਤੇ ਉਨ੍ਹਾਂ ਵਿੱਚ ਉਚਾਰਨ ਕੀਤੇ ਸ਼ਬਦ ਦੀ ਤੁਕ ਦਾ ਵੇਰਵਾ ਇਸ ਪ੍ਰਕਾਰ ਹੈ। 1) ਸਿਰੀਰਾਗ ਵਿੱਚ "ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥" (ਅੰਗ **14**) 2) ਰਾਗ ਮਾਝ "ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ॥ ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ॥1॥" (ਅੰਗ **137**) 3) ਰਾਗੁ ਗਾਉੜੀ "ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ॥ ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ॥" (ਅੰਗ **151**) 4) ਰਾਗੁ ਆਸਾ "ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥" (ਅੰਗ **347**) 5) ਰਾਗੁ ਗੂਜਰੀ "ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ॥ ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ॥1॥" (ਅੰਗ **489**) 6) ਰਾਗੁ ਬਿਹਾਗੜਾ "ਕਲੀ ਅੰਦਰਿ ਨਾਨਕਾ ਜਿੰਨਾ ਦਾ ਅਉਤਾਰੁ॥ ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ॥1॥ (ਅੰਗ **556**) 7) ਰਾਗੁ ਵਡਹੰਸੁ "ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ॥ ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ॥" (ਅੰਗ **557**) 8) ਰਾਗੁ ਸੋਰਠਿ "ਸਭਨਾ ਮਰਣਾ ਆਇਆ ਵੇਛੋੜਾ ਸਭਨਾਹ॥" (ਅੰਗ **595**) ਰਾਗੁ ਧਨਾਸਰੀ "ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ॥ ਦੂਖ ਵਿਸਾਰਣੁ ਸੇਵਿਆ ਸਦਾ ਸਦਾ ਦਾਤਾਰੁ॥" (ਅੰਗ **660**) 10) ਰਾਗੁ ਤਿਲੰਗ "ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥ ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ॥" (ਅੰਗ **721**) 11) ਰਾਗੁ ਸੂਹੀ "ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ॥ ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ॥" (ਅੰਗ **728**) 12) ਰਾਗੁ ਬਿਲਾਵਲੁ " ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ॥ ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ॥" (ਅੰਗ **795**) 13) ਰਾਗੁ ਰਾਮਕਲੀ "ਕੋਈ ਪੜਤਾ ਸਹਸਾਕਿਰਤਾ ਕੋਈ ਪੜੈ ਪੁਰਾਨਾ॥ ਕੋਈ ਨਾਮੁ ਜਪੈ ਜਪਮਾਲੀ ਲਾਗੈ ਤਿਸੈ ਧਿਆਨਾ॥ ਅਬ ਹੀ ਕਬ ਹੀ ਕਿਛੂ ਨ ਜਾਨਾ ਤੇਰਾ ਏਕੋ ਨਾਮੁ ਪਛਾਨਾ॥" (ਅੰਗ **876**) 14) ਰਾਗੁ ਮਾਰੂ " ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ॥ ਨਾਨਕ ਸਰਣਿ ਤੁਹਾਰੀਆ ਪੇਖਉ ਸਦਾ ਹਜੂਰਿ॥" (ਅੰਗ **989**) 15) ਰਾਗੁ ਤੁਖਾਰੀ " ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ॥ ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ॥"(ਅੰਗ **1107**) 16) ਰਾਗੁ ਭੈਰਉ "ਤੁਝ ਤੇ ਬਾਹਰਿ ਕਿਛੂ ਨ ਹੋਇ॥ ਤੂ ਕਰਿ ਕਰਿ ਦੇਖਹਿ ਜਾਣਹਿ ਸੋਇ॥" (ਅੰਗ **1125**) 17) ਰਾਗੁ ਬਸੰਤੁ "ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ॥ ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ॥" (ਅੰਗ **1168**) 18) ਰਾਗੁ ਸਾਰਗ "ਅਪੁਨੇ ਠਾਕੁਰ ਕੀ ਹਉ ਚੇਰੀ॥ ਚਰਨ ਗਹੇ ਜਗਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ॥1॥ਰਹਾਉ॥" (ਅੰਗ **1197**) 19) ਰਾਗੁ ਮਲਾਰ "ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ॥ ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ॥1॥" (ਅੰਗ **1254**) 20) ਰਾਗੁ ਪ੍ਰਭਾਤੀ "ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ॥ ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ॥1॥" (ਅੰਗ **1327**)।

ਉਕਤ ਵੇਰਵੇ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗਾਇਨ ਕੀਤੇ ਹੋਏ ਇਹ ਰਾਗਾਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨਿਰਧਾਰਿਤ ਹੈ ਅਤੇ ਗੁਰੂ ਸਾਹਿਬ ਜੀ ਸਾਨੂੰ ਸੰਕੇਤ ਕਰਦੇ ਹਨ ਕਿ ਇਹ ਬਾਣੀ ਇਨ੍ਹਾਂ ਰਾਗਾਂ ਵਿੱਚ ਹੀ ਗਾਈ ਜਾਣੀ ਚਾਹੀਦੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਭਾਈ ਮਰਦਾਨਾ ਜੀ ਨੂੰ ਵਡੇਰਾ ਮਾਣ ਬਖਸ਼ਿਆ, ਜਿਸ ਦੇ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਭਾਈ ਮਰਦਾਨਾ ਜੀ ਦੇ 3 ਸਲੋਕ 'ਮਰਦਾਨਾ ਮਹਲਾ 1' ਦੇ ਸਿਰਲੇਖ ਹੇਠ ਦਰਜ ਹਨ।

ਗੁਰੁ ਸਾਹਿਬ ਜੀ ਦੇ ਉਚਾਰਨ ਕੀਤੇ ਹੋਏ ਰਾਗ ਮਹਿਮਾ ਵੱਲ ਕੇਂਦਰਿਤ ਹੋਈਏ ਤਾਂ ਸਾਨੂੰ ਇਤਿਹਾਸਕ ਤੱਥਾਂ ਅਨੁਸਾਰ ਪ੍ਰਤੱਖ ਰੂਪ ਵਿੱਚ ਹੀ ਵੇਖਣ ਨੂੰ ਮਿਲਦਾ ਹੈ ਕਿ ਸ੍ਰੀ ਪੰਜਾ ਸਾਹਿਬ ਦਾ ਪੱਥਰ ਜੋ ਕਿ ਸਿੱਕੇ ਵਾਂਗ ਢਲਿਆ ਹੋਇਆ ਹੈ, ਵਲੀ ਕੰਧਾਰੀ ਦੇ ਇਹ ਪਰਬਤ ਰੂਪੀ ਪੱਥਰ ਰੇੜਨ ਤੇ ਗੁਰੂ ਸਾਹਿਬ ਜੀ ਰਾਗ ਰੂਪੀ ਬਾਣੀ ਦਾ ਕੀਰਤਨ ਕਰ ਰਹੇ ਸਨ, ਇਹ ਰਾਗ ਅਤੇ ਕੀਰਤਨ ਦੀ ਹੀ ਸ਼ਕਤੀ ਅਜਿਹੀ ਹੈ ਕਿ ਉਹ ਪੱਥਰ ਗੁਰੂ ਸਾਹਿਬ ਜੀ ਦੇ ਨੇੜੇ ਆਉਂਦਿਆਂ ਹੀ ਪਿਘਲ ਗਿਆ ਤੇ ਗੁਰੂ ਸਾਹਿਬ ਜੀ ਨੇ ਆਪਣੇ ਹੱਥ ਨਾਲ ਉਸ ਨੂੰ ਰੋਕਿਆ ਅਤੇ ਇਹ ਅਸਥਾਨ ਅੱਜ ਗੁਰਦੁਆਰਾ ਪੰਜਾ ਸਾਹਿਬ ਦੇ ਨਾਂ ਤੋਂ ਪ੍ਰਤੱਖ ਹੈ, ਜਿਸ ਦੇ ਦਰਸ਼ਨ ਅੱਜ ਵਿਸ਼ਵ ਭਰ ਦੀਆਂ ਸੰਗਤਾਂ ਕਰ ਰਹੀਆਂ ਹਨ। ਪੀਲੀਭੀਤ ਸ਼ਹਿਰ ਜੋ ਪਹਿਲਾਂ ਗੋਰਖ ਮਤੇ ਦੇ ਨਾਮ ਨਾਮ ਜਾਣਿਆ ਜਾਂਦਾ ਸੀ ਪਰ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਉਸ ਅਸਥਾਨ ਤੇ ਪੁੱਜੇ ਅਤੇ ਸਿੱਧ ਗੋਸ਼ਟ ਹੋਈ, ਉਸ ਸਮੇਂ ਸ੍ਰੀ ਗੁਰੁ ਨਾਨਕ ਦੇਵ ਜੀ ਰੀਠੇ (ਜਿਸ ਤੋਂ ਸਾਬਣ ਬਣਦਾ ਹੈ) ਦੇ ਦਰੱਖਤ ਹੇਠ ਆਸਣ ਜਮਾ ਕੇ ਭਾਈ ਮਰਦਾਨਾ ਜੀ ਨਾਲ ਬੈਠੇ ਸਨ ਅਤੇ ਇਸ ਅਸਥਾਨ ਤੇ ਵੀ ਗੁਰੂ ਸਾਹਿਬ ਜੀ ਨੇ ਰਾਗ ਰੂਪੀ ਕੀਰਤਨ ਕੀਤਾ ਤੇ ਸਿੱਧਾ ਦੇ ਹਿਰਦੇ ਨੂੰ ਠਾਰ ਦਿੱਤਾ, ਇਹ ਗੁਰੁ ਸਾਹਿਬ ਜੀ ਦੇ ਰਾਗ ਮਈ ਕੀਰਤਨ ਦੇ ਗਾਇਨ ਦੁਆਰਾ ਹੀ ਹੋਇਆ ਜੋ ਇਹ ਕੌੜੇ ਰੀਠੇ ਦਾ ਦਰੱਖਤ ਵੀ ਮਿੱਠਾ ਹੋ ਗਿਆ। ਇਹ ਅਸਥਾਨ ਅੱਜ ਗੁਰਦੁਆਰਾ ਰੀਠਾ ਸਾਹਿਬ ਦੇ ਨਾਮ ਨਾਲ ਸ਼ਹਿਰ ਗੋਰਖ ਮਤੇ ਵਿੱਚ ਪ੍ਰਸਿੱਧ ਹੈ। ਗੁਰਦੁਆਰਾ ਰੀਠਾ ਸਾਹਿਬ ਦੇ ਦਰਸ਼ਨ ਅੱਜ ਵੀ ਦੇਸ਼-ਵਿਦੇਸ਼ ਦੀਆਂ ਸੰਗਤਾਂ ਹਜ਼ਾਰਾਂ ਦੀ ਤਾਦਾਦ ਵਿੱਚ ਕਰਦੀਆਂ ਹਨ ਅਤੇ ਇਸ ਰੀਠੇ ਦਾ ਪ੍ਰਸ਼ਾਦ ਰਸਨੀ ਲਾਇਕ ਕਰਦੀਆਂ ਹਨ ਜੋ ਖਜੂਰ ਦੀ ਤਰ੍ਹਾਂ ਮਿੱਠਾ ਅਤੇ ਅੰਮ੍ਰਿਤ ਹੈ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਇਹ ਰਾਗ ਮਈ ਕੀਰਤਨ ਦੀ ਹੀ ਅਜਿਹੀ ਸ਼ਕਤੀ ਹੈ ਜੋ ਪ੍ਰਤੱਖ ਰੂਪ ਵਿੱਚ ਸਾਡੇ ਸਨਮੁੱਖ ਹੈ।

ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ 16 ਰਾਗ ਪ੍ਰਕਾਰਾਂ ਵਿਚ ਬਾਣੀ ਅੰਕਿਤ ਕੀਤੀ ਹੈ, ਜਿਸ ਦਾ ਵੇਰਵਾ ਇਸ ਪ੍ਰਕਾਰ ਹੈ। ਰਾਗੁ ਗਉੜੀ ਗੁਆਰੇਰੀ "ਭਉ ਮੁਚੁ ਭਾਰਾ ਵਡਾ ਤੋਲੁ॥ ਮਨ ਮਤਿ ਹਉਲੀ ਬੋਲੇ ਬੋਲੁ" (ਅੰਗ **151**) 2) ਰਾਗੁ ਗਉੜੀ ਦਖਣੀ "ਸੁਣਿ ਸੁਣਿ ਬੂਝੈ ਮਾਨੈ ਨਾਉ॥ ਤਾ ਕੈ ਸਦ ਬਲਿਹਾਰੈ ਜਾਉ॥" (ਅੰਗ **152**) 3) ਰਾਗੁ ਗਉੜੀ ਚੇਤੀ "ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ॥ ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ॥" (ਅੰਗ **154**) 4) ਰਾਗੁ ਗਉੜੀ ਬੈਰਾਗਣਿ "ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥ ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥**1**॥" (ਅੰਗ **156**) 5) ਰਾਗੁ ਗਉੜੀ ਪੂਰਬੀ ਦੀਪਕੀ " ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥ ਤਿਤੁ ਘਰਿ ਗਾਵਹੁ ਸੋਹਿਲਾ ਸਿਵਰਹੁ ਸਿਰਜਣਹਾਰੋ॥**1**॥" (ਅੰਗ **157**) 6) ਰਾਗੁ ਗਉੜੀ ਪੂਰਬੀ "ਮੁੰਧ ਰੈਣਿ ਦੁਹੇਲੜੀਆ ਜੀਉ ਨੀਦ ਨ ਆਵੈ॥ ਸਾ ਧਨ ਦੁਬਲੀਆ ਜੀਉ ਪਿਰ ਕੈ ਹਾਵੈ॥" (ਅੰਗ **242**) 7) ਰਾਗੁ ਗਉੜੀ ਦੀਪਕੀ "ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥ ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ॥**1**॥" (ਅੰਗ **12**) 8) ਰਾਗੁ ਆਸਾ ਕਾਫੀ "ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ॥ ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ॥**1**॥" (ਅੰਗ **418**) 9) ਰਾਗੁ ਵਡਹੰਸੁ ਦਖਣੀ "ਸਚੁ ਸਿਰੰਦਾ ਸਚਾ ਜਾਣੀਐ ਸਚੜਾ ਪਰਵਦਗਾਰੋ॥ ਜਿਨਿ ਆਪੀਨੈ ਆਪੁ ਸਾਜਿਆ ਸਚੜਾ ਅਲਖ ਅਪਾਰੋ॥" (ਅੰਗ **580**) 10) ਰਾਗੁ ਸੂਹੀ ਕਾਫੀ "ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ॥ ਮਨੁ ਤਨੁ ਹੋਏ ਚੁਲੰਭੁ ਜੇ ਸਤਿਗੁਰ ਭਾਇਆ॥**1**॥" (ਅੰਗ **751**) 11) ਰਾਗੁ ਬਿਲਾਵਲੁ ਦਖਣੀ "ਮੁੰਧ ਨਵੇਲੜੀਆ ਗੋਇਲਿ ਆਈ ਰਾਮ॥ ਮਟੁਕੀ ਡਾਰਿ ਧਰੀ ਹਰਿ ਲਿਵ ਲਾਈ ਰਾਮ॥" (ਅੰਗ **843**) 12) ਰਾਗੁ ਰਾਮਕਲੀ ਦਖਣੀ "ਜਤੁ ਸਤੁ ਸੰਜਮੁ ਸਾਚੁ ਦ੍ਰਿੜਾਇਆ ਸਾਚ ਸਬਦਿ ਰਸਿ ਲੀਣਾ॥**1**॥" (ਅੰਗ **907**) 13) ਰਾਗੁ ਮਾਰੂ ਕਾਫੀ "ਆਵਉ ਵੰਞਉ ਡੁੰਮਣੀ ਕਿਤੀ ਮਿਤ੍ਰ ਕਰੇਉ॥ ਸਾ ਧਨ ਢੋਈ ਨ ਲਹੈ ਵਾਢੀ ਕਿਉ ਧੀਰੇਉ॥**1**॥" (ਅੰਗ **1014**) 14) ਰਾਗੁ ਮਾਰੂ ਦਖਣੀ "ਕਾਇਆ ਨਗਰੁ ਨਗਰ ਗੜ ਅੰਦਰਿ॥ ਸਾਚਾ ਵਾਸਾ ਪੁਰਿ ਗਗਨੰਦਰਿ॥" (ਅੰਗ **1033**) 15) ਰਾਗੁ ਪਰਭਾਤੀ ਬਿਭਾਸ "ਨਾਇ ਤੇਰੈ ਤਰਣਾ ਨਾਇ ਪਤਿ ਪੂਜ॥ ਨਾਉ ਤੇਰਾ ਗਹਣਾ ਮਤਿ ਮਕਸੂਦੁ॥" (ਅੰਗ **1327**) 16) ਰਾਗੁ ਪ੍ਰਭਾਤੀ ਦਖਣੀ "ਗੋਤਮੁ

ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰ ਲੁਭਾਇਆ॥ ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ॥1॥" (ਅੰਗ 1344)

ਉਕਤ ਵੇਰਵੇ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਚਾਰਨ ਕੀਤੀ ਹੋਈ ਬਾਣੀ 20 ਮੁੱਖ ਰਾਗਾਂ ਅਤੇ 16 ਰਾਗ ਪ੍ਰਕਾਰਾਂ ਵਿੱਚ ਪ੍ਰਕਾਸ਼ਮਾਨ ਹੈ। ਇਸ ਦੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰੂ ਸਾਹਿਬ ਜੀ ਦੀਆਂ 3 ਵਾਰਾਂ ਵੀ ਰਾਗੁ ਅਧੀਨ ਦਰਜ ਹਨ। ਇਨ੍ਹਾਂ ਵਾਰਾਂ ਵਿੱਚ ਗੁਰੂ ਸਾਹਿਬ ਜੀ ਨੇ ਰਾਗੁ ਦੇ ਨਾਲ-ਨਾਲ ਸਿਰਲੇਖ ਵਿੱਚ ਧੁਨੀ ਸ਼ਬਦ ਨੂੰ ਵੀ ਦਰਸਾਇਆ ਹੈ। ਇਨ੍ਹਾਂ ਸੰਗੀਤਕ ਸ਼ਬਦਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਗੁਰੂ ਸਾਹਿਬ ਜੀ ਨੇ ਗੁਰਬਾਣੀ ਦੇ ਨਾਲ ਸੰਗੀਤ ਨੂੰ ਵੀ ਅਹਿਮ ਦਰਜਾ ਦਿੱਤਾ, ਜਿਸ ਸਦਕਾ ਗੁਰੂ ਸਾਹਿਬ ਜੀ ਨੇ ਸਿਰਲੇਖ ਵਿੱਚ ਸ਼ਬਦ, ਵਾਰਾਂ ਨੂੰ ਗਾਇਨ ਕਰਨ ਦੇ ਲਈ ਉਹਨਾਂ ਦੇ ਰਾਗ ਅਤੇ ਧੁਨੀ ਬਾਰੇ ਦੱਸਿਆ ਹੈ। ਇਨ੍ਹਾਂ ਵਾਰਾਂ ਦੀ ਸੂਚੀ ਇਸ ਪ੍ਰਕਾਰ ਹੈ: 1) ਮਾਝ ਦੀ ਵਾਰ ਜੋ ਕਿ "ਵਾਰ ਮਾਝ ਕੀ ਤਥਾ ਸਲੋਕ ਮਹਲਾ 1 ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ॥" (ਅੰਗ 137) 2) ਆਸਾ ਦੀ ਵਾਰ "ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਆਸਾ ਮਹਲਾ 1॥ ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ॥" (ਅੰਗ 462) 3) ਮਲਾਰ ਕੀ ਵਾਰ " ਵਾਰ ਮਲਾਰ ਕੀ ਮਹਲਾ 1 ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ॥" (ਅੰਗ 1278) ਦੇ ਸਿਰਲੇਖ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ 12 ਮਹੀਨਿਆਂ ਦਾ ਜ਼ਿਕਰ ਰਾਗੁ ਤੁਖਾਰੀ ਵਿੱਚ ਕੀਤਾ, ਜਿਸ ਨੂੰ 'ਬਾਰਹ ਮਾਹਾ' ਕਿਹਾ ਜਾਂਦਾ ਹੈ। ਇਸ ਵਿੱਚ ਗੁਰੂ ਸਾਹਿਬ ਜੀ ਨੇ ਹਰ ਇੱਕ ਮਹੀਨੇ ਦੇ ਪ੍ਰਤੀ ਵਿਸਥਾਰ ਨਾਲ ਦੱਸਿਆ ਹੈ, ਜੋ ਕਿ " ਤੁਖਾਰੀ ਛੰਤ ਮਹਲਾ 1 ਬਾਰਹ ਮਾਹਾ" ਦੇ ਸਿਰਲੇਖ ਹੇਠ ਅੰਗ 1107 ਤੇ ਦਰਜ ਹਨ। ਇਸੇ ਪ੍ਰਕਾਰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਆਪਣੇ ਮੁੱਖ ਤੋਂ 'ਬਾਰਹ ਮਾਹਾ' ਉਚਾਰਨ ਕੀਤੇ, ਜੋ ਕਿ ਰਾਗੁ ਮਾਝ ਵਿੱਚ "ਬਾਰਹ ਮਾਹਾ ਮਾਝ ਮਹਲਾ 5 ਘਰੁ 4" (ਅੰਗ 133) ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ। ਪ੍ਰੰਤੂ ਗੁਰਦੁਆਰਾ ਸਾਹਿਬ ਵਿੱਚ ਹਰ ਇੱਕ ਮਹੀਨੇ ਦੀ ਸੰਗਰਾਂਦ ਤੇ ਗੁਰੂ ਅਰਜਨ ਦੇਵ ਜੀ ਦੇ ਉਚਾਰਨ ਕੀਤੇ ਮਾਝ ਰਾਗ ਦੇ ਬਾਰਾ ਮਾਹਾ ਦਾ ਪਾਠ ਕੀਤਾ ਜਾਂਦਾ ਹੈ। ਗੁਰੂ ਸਾਹਿਬ ਜੀ ਨੇ ਆਪਣਾ ਸਾਰਾ ਜੀਵਨ ਸਮਾਜ ਦੀ ਸੇਵਾ ਅਤੇ ਸਮਾਜ ਵਿੱਚ ਜਾਗਰੂਕਤਾ ਲਿਆਉਣ ਦੇ ਲਈ ਸਮਰਪਿਤ ਕਰ ਦਿੱਤਾ, ਜਿਸ ਦੇ ਲਈ ਗੁਰੂ ਸਾਹਿਬ ਜੀ ਨੇ ਚਾਰ ਉਦਾਸੀਆਂ ਕੀਤੀਆਂ ਤੇ ਲੋਕਾਂ ਨੂੰ ਜਾ ਕੇ ਚੰਗੇ ਵਿਚਾਰਾਂ ਨਾਲ ਰੂ-ਬ-ਰੂ ਕਰਵਾਇਆ।

ਰਾਗੁ ਧਨਾਸਰੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰਤੀ ਦੀ ਰਚਨਾ ਕੀਤੀ। ਇਸ ਦੇ ਨਾਲ ਹੀ ਗੁਰੂ ਸਾਹਿਬ ਜੀ ਨੇ ਅਨੰਦ ਕਾਰਜ ਸਬੰਧੀ ਰਾਗੁ ਆਧਾਰਿਤ ਬਾਣੀ ਦਾ ਵੀ ਗਾਇਨ ਕੀਤਾ। 1) "ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥ ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥" (ਅੰਗ 91) ਇਹ ਸ਼ਬਦ ਸਿਰੀ ਰਾਗੁ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ ਜੋ ਕਿ ਸਿੱਖ ਮਰਿਆਦਾ ਵਿੱਚ ਹਰ ਇੱਕ ਆਨੰਦ ਕਾਰਜ ਸਮੇਂ ਗੁਰੂ ਘਰ ਵਿੱਚ ਜ਼ਰੂਰ ਗਾਇਆ ਜਾਂਦਾ ਹੈ। ਇਸੇ ਤਰ੍ਹਾਂ ਰਾਗੁ ਆਸਾ ਵਿੱਚ "ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ॥" (ਅੰਗ 351), ਰਾਗੁ ਸੂਹੀ ਵਿੱਚ "ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ॥" (ਅੰਗ 764) ਅਤੇ "ਗੁਣ ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ॥" (ਅੰਗ 765) ਸ਼ਬਦਾਂ ਦਾ ਗਾਇਨ ਕੀਤਾ। ਗੁਰੂ ਸਾਹਿਬ ਜੀ ਨੇ ਇਹ ਬਾਣੀ ਪਰਮਾਤਮਾ ਦੇ ਨਾਲ ਮਿਲਾਪ ਦੇ ਪ੍ਰਥਾਏ ਤੋਂ ਲਿਖੀ ਹੈ ਜਿਸ ਨੂੰ ਅਨੰਦ ਕਾਰਜ ਦੇ ਮੌਕੇ ਤੇ ਗਾਇਆ ਜਾਂਦਾ ਹੈ।

ਕਈ ਵਿਦਵਾਨਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਚਾਰਨ ਕੀਤੇ ਸ਼ਬਦਾਂ ਨੂੰ ਆਪਣੀਆਂ ਪੁਸਤਕਾਂ ਵਿੱਚ ਸਵਰਲਿਪੀ ਦੇ ਰੂਪ ਵਿੱਚ ਲਿਖਿਆ ਹੈ, ਜਿਸ ਦਾ ਲਾਹਾ ਕਈ ਵਿਦਿਆਰਥੀ ਉਠਾਉਂਦੇ ਹਨ। ਉਨ੍ਹਾਂ ਵਿਰਵਾਨਾਂ ਅਤੇ ਪੁਸਤਕਾਂ ਦੇ ਨਾਮ ਇਸ ਪ੍ਰਕਾਰ ਹਨ। 1) 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ' ਜੋ ਕਿ ਗੁਰਮਤਿ ਸੰਗੀਤ ਖੇਤਰ ਦੇ ਪ੍ਰੋਫ਼ੈਸਰ ਤਾਰਾ ਸਿੰਘ ਜੀ ਦੁਆਰਾ ਲਿਖੀ ਗਈ ਹੈ। ਇਸ ਪੁਸਤਕ ਵਿੱਚ ਪ੍ਰੋਫ਼ੈਸਰ ਸਾਹਿਬ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸ਼ਬਦ "ਮੋਤੀ ਤ ਮੰਦਰਿ ਉਸਰਹਿ ਰਤਨੀ ਤ ਹੋਇ ਜੜਾਉ॥" ਨੂੰ ਰਾਗ ਸਿਰੀ ਵਿੱਚ ਸਵਰਲਿਪੀ ਬੱਧ ਕੀਤਾ ਹੈ। 2) ਡਾ. ਗੁਰਨਾਮ ਸਿੰਘ ਜੀ ਜਿਨ੍ਹਾਂ ਨੇ ਆਪਣੀਆਂ ਅਨੇਕਾਂ ਪੁਸਤਕਾਂ ਵਿੱਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਸਵਰਲਿਪੀ ਬੱਧ ਕੀਤਾ, ਇਨ੍ਹਾਂ ਦੀ ਗੁਰਮਤਿ ਸੰਗੀਤ ਨੂੰ ਬਹੁਤ ਵੱਡੀ ਦੇਣ ਹੈ। ਗੁਰਮਤਿ ਸੰਗੀਤ ਦੇ ਖੇਤਰ ਵਿੱਚ ਆਪ ਜੀ ਸ਼ੁਰੂ ਤੋਂ ਹੀ ਕਾਰਜਸ਼ੀਲ ਰਹੇ ਹਨ, ਜਿਸ ਸਦਕਾ ਗੁਰਮਤਿ ਸੰਗੀਤ ਨੂੰ ਇਨ੍ਹਾਂ ਨੇ ਉੱਚ ਸਥਾਨ ਤੇ ਪਹੁੰਚਾਇਆ। 3) ਪ੍ਰੋਫ਼ੈਸਰ ਕਰਤਾਰ ਸਿੰਘ ਜੀ ਦੁਆਰਾ ਲਿਖੀ 'ਗੁਰਮਤਿ ਸੰਗੀਤ ਦਰਪਣ' ਪੁਸਤਕ ਵਿੱਚ ਉਨ੍ਹਾਂ ਨੇ ਗੁਰੂ ਸਾਹਿਬ ਜੀ ਦੇ ਤੁਖਾਰੀ ਰਾਗ ਦੇ ਸ਼ਬਦ "ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ॥" ਨੂੰ ਸਵਰਲਿਪੀ ਬੱਧ ਕੀਤਾ ਹੈ। 4) 'ਟਕਸਾਲੀ ਕੀਰਤਨ ਸ਼ੈਲੀ' ਜੋ ਕੇ 31 ਨਿਰਧਾਰਤ ਰਾਗਾਂ ਵਿੱਚ ਡਾ. ਜਬਰਜੰਗ ਸਿੰਘ ਜੀ ਦੁਆਰਾ ਲਿਖੀ ਗਈ ਹੈ (ਜੋ ਦਾਸ ਦੇ ਪਿਤਾ ਜੀ ਹਨ) । ਉਨ੍ਹਾਂ ਨੇ ਆਪਣੀ ਪੁਸਤਕ ਵਿੱਚ ਤੁਖਾਰੀ ਰਾਗ ਦੇ ਸ਼ਬਦ " ਮੇਰੇ ਲਾਲ ਰੰਗੀਲੇ ਹਮ ਲਾਲਨ ਕੇ ਲਾਲੇ॥" ਨੂੰ ਸਵਰਲਿਪੀ ਬੱਧ ਕੀਤਾ ਹੈ। 5) ਪ੍ਰਿੰਸੀਪਲ ਸੁਖਵੰਤ ਸਿੰਘ ਜੀ ਨੇ ਸਾਹਿਬ ਸ੍ਰੀ ਗੁਰੁ ਨਾਨਕ ਦੇਵ ਜੀ ਦੇ ਸ਼ਬਦ "ਸੁਣਿ ਸੁਣਿ ਬੂਝੈ ਮਾਨੈ ਨਾਉ॥ ਤਾ ਕੈ ਸਦ ਬਲਿਹਾਰੈ ਜਾਉ॥" ਨੂੰ ਆਪਣੀ ਸੰਪਾਦਕ ਕੀਤੀ ਪੁਸਤਕ 'ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ' ਵਿੱਚ ਸਵਰਲਿਪੀ ਬੱਧ ਦਰਜ ਕੀਤਾ ਜੋ ਕਿ ਰਾਗ ਗਉੜੀ ਦਖਣੀ ਵਿੱਚ ਹੈ। ਇਸ ਪ੍ਰਕਾਰ ਹੋਰ ਕਈ ਵਿਦਵਾਨਾਂ ਨੇ ਗੁਰੂ ਸਾਹਿਬ ਜੀ ਦੀ ਬਾਣੀ ਨੂੰ ਸਵਰਲਿਪੀ ਬੱਧ ਕੀਤਾ ਹੈ।

ਉਕਤ ਦਿੱਤੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਰਾਗਾਂ ਅਤੇ ਬਾਣੀ ਦਾ ਵੇਰਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਧਿਐਨ ਕਰਨ ਦੁਆਰਾ ਦੇਣ ਦਾ ਉਪਰਾਲਾ ਕੀਤਾ ਗਿਆ ਹੈ। ਇਨ੍ਹਾਂ ਹਵਾਲਿਆਂ ਤੋਂ ਇਹ ਪ੍ਰਾਪਤ ਹੁੰਦਾ ਹੈ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਗੀਤ ਪ੍ਰਤੀ ਵਡੇਰਾ ਯੋਗਦਾਨ ਹੈ ਜੋ ਕਿ ਉਨ੍ਹਾਂ ਦੀਆਂ ਰਚਨਾਵਾਂ ਤੋਂ ਸਿੱਧ ਹੁੰਦਾ ਹੈ। ਗੁਰੂ ਸਾਹਿਬ ਜੀ ਦੇ ਇਨ੍ਹਾਂ ਸ਼ਬਦਾਂ ਨੂੰ ਮੇਰੇ ਪੁਰਖੇ ਗਾਇਨ ਕਰਿਆ ਕਰਦੇ ਸਨ। ਪਿਛਲੀਆਂ ਕਈ ਪੀੜੀਆਂ ਤੋਂ ਸਾਨੂੰ ਗੁਰੂ ਸਾਹਿਬ ਜੀ ਦੇ ਲੜ ਲੱਗਣ ਦਾ ਮਾਣ ਪ੍ਰਾਪਤ ਹੈ ਜੋ ਕਿ ਗੁਰੂ ਘਰਾ ਵਿੱਚ ਕੀਰਤਨ ਕਰਿਆ ਕਰਦੇ ਸਨ। ਮਰੇ ਦਾਦਾ ਜੀ ਰਾਗੀ ਪ੍ਰੋਫ਼ੈਸਰ ਚਤਰ ਸਿੰਘ ਜੀ, ਉਨ੍ਹਾਂ ਦੇ ਵੱਡੇ ਭਰਾ ਗਿਆਨੀ ਮਨਸ਼ਾ ਸਿੰਘ ਜੀ, ਭਾਈ ਸੋਦਾਗਰ ਸਿੰਘ ਜੀ, ਭਾਈ ਰਤਨ ਸਿੰਘ ਜੀ ਦਾ ਜੱਥਾ ਜੋ ਰਾਗੀ ਪ੍ਰੋਫ਼ੈਸਰ ਚਤਰ ਸਿੰਘ ਜੀ, ਗਿਆਨੀ ਮਨਸ਼ਾ ਸਿੰਘ ਜੀ ਦੇ ਨਾਮ ਨਾਲ ਵਿਸ਼ਵ ਪ੍ਰਸਿੱਧ ਹੈ। ਮੇਰੇ ਦਾਦਾ ਰਾਗੀ ਪ੍ਰੋਫ਼ੈਸਰ ਚਤਰ ਸਿੰਘ ਜੀ ਜੋ ਕਿ 21 ਪ੍ਰਕਾਰ ਦੇ ਸਾਜ਼ (ਸਿਰੰਦਾ, ਸਿਤਾਰ, ਦਿਲਰੁਬਾ, ਜਲ ਤਰੰਗ, ਕਛੂਆ ਅਚੱਲ ਠਾਠ, ਹਵਾਈਨ ਜੈਥਲ ਆਦਿ) ਵਜਾ ਕੇ ਕੀਰਤਨ ਕਰਿਆ ਕਰਦੇ ਸਨ। ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਕਲਾਂ ਵਾਲਿਆਂ ਵੱਲੋਂ ਆਰੰਭ ਕੀਤੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿੱਚ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਆਪ ਗੁਰੂ ਸੰਗਤਾਂ ਦੀ ਹਜ਼ੂਰੀ ਵਿੱਚ ਮੇਰੇ ਦਾਦਾ ਰਾਗੀ ਪ੍ਰੋਫ਼ੈਸਰ ਚਤਰ ਸਿੰਘ ਜੀ ਨੂੰ 'ਭਾਈ ਮਰਦਾਨਾ' ਅਤੇ 'ਪੰਥ ਰਤਨ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰਮਤਿ ਸੰਗੀਤ ਵਿਭਾਗ ਵੱਲੋਂ ਡਾ. ਗੁਰਨਾਮ ਸਿੰਘ ਜੀ ਦੀ ਰਹਿਨੁਮਾਈ ਹੇਠ ਸਾਡੇ ਘਰਾਨੇ ਨੂੰ 'ਗੁਰਮਤਿ ਸੰਗੀਤ ਘਰਾਣਾ' ਐਵਾਰਡ ਨਾਲ ਸਨਮਾਨਿਆ ਗਿਆ। ਦਾਸ ਆਪਣੇ ਪੁਰਖਿਆਂ ਦੇ ਨਕਸ਼ੇ ਕਦਮਾ ਤੇ ਚੱਲਣ ਦਾ ਯਤਨ ਕਰਦਾ ਰਹੇਗਾ। ਮੈਂ ਧੰਨਵਾਦ ਕਰਦਾ ਹਾਂ ਪ੍ਰਿੰਸੀਪਲ ਡਾ. ਗੁਰਨਾਮ ਸਿੰਘ ਜੀ (ਖ਼ਾਲਸਾ ਕਾਲਜ ਡੁਮੇਲੀ) ਅਤੇ ਸਮੂਹ ਸਟਾਫ਼ ਮੈਂਬਰਾਂ ਦਾ ਜਿਨ੍ਹਾਂ ਨੇ ਮੈਨੂੰ ਇਹ ਆਰਟੀਕਲ ਲਿਖਣ ਦਾ ਉਤਸ਼ਾਹ ਅਤੇ ਪ੍ਰੇਰਨਾ ਬਖ਼ਸ਼ਿਸ਼ ਕੀਤੀ। ਇਸ ਆਰਟੀਕਲ ਵਿਚ ਹੋਈਆਂ ਭੁੱਲਾਂ ਦੀ ਖਿਮਾ ਬਖਸ਼ਿਸ਼ ਕਰਨਾ ਜੀ। ਆਪ ਜੀ ਦੇ ਵੱਲੋਂ ਆਏ ਸੁਝਾਵਾਂ ਦਾ ਮੈਂ ਸਵਾਗਤ ਕਰਦਾ ਹਾਂ, ਆਸ ਕਰਦਾ ਹਾਂ

ਕਿ ਇਸ ਆਰਟੀਕਲ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗਾਇਨ ਕੀਤੇ ਹੋਏ ਰਾਗ ਦੀ ਬਾਣੀ ਨੂੰ ਪਾਠਕ ਅਧਿਐਨ ਕਰਕੇ ਗਾਇਨ ਕਰਨ ਦਾ ਉੱਤਮ ਉਪਰਾਲਾ ਕਰਨਗੇ।

* ਸਹਾਇਕ ਪ੍ਰੋਫ਼ੈਸਰ, ਸੰਗੀਤ ਵਿਭਾਗ
ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖ਼ਾਲਸਾ ਕਾਲਜ
ਡੁਮੇਲੀ, ਫਗਵਾੜਾ (ਕਪੂਰਥਲਾ)
ਮੋਬਾਇਲ ਨੰਬਰ: 98769-53205
ਈ-ਮੇਲ: gurnadarsingh@gmail.com

---

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਰਾਗ ਬਿਲਾਵਲੁ ਸਬੰਧੀ ਵੇਰਵਾ

* ਗੁਰਧਿਆਨ ਕੁਮਾਰ

ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਮੋਢੀ ਹਨ ਅਤੇ ਉਨ੍ਹਾਂ ਨੇ ਸਿੱਖ ਧਰਮ ਦੀ ਨੀਂਹ ਰੱਖੀ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਹੋਏ ੧੦ ਗੁਰੂ ਸਾਹਿਬਾਨਾਂ ਵਿੱਚੋਂ ੬ ਗੁਰੂ ਸਾਹਿਬਾਨ ਜੀ ਦੀ ਬਾਣੀ ਸਿੱਖ ਧਰਮ ਦੇ ਪਵਿੱਤਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ। ਇਹਨਾਂ 6 ਗੁਰੂ ਸਾਹਿਬਾਨ ਤੋਂ ਇਲਾਵਾ ਸੰਤਾਂ, ਭਗਤਾਂ ਤੇ ਭੱਟਾਂ ਦੀ ਬਾਣੀ ਵੀ ਦਰਜ ਹੈ। ਵਾਰਾਂ ਦੀ ਗੱਲ ਕਰੀਏ ਤਾਂ ਇਸ ਪਵਿੱਤਰ ਗ੍ਰੰਥ ਵਿਚ 22 ਵਾਰਾਂ ਵੀ ਸੰਮਲਿਤ ਕੀਤੀਆਂ ਗਈਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਪੁਜੀ ਸਾਹਿਬ ਜੀ ਤੋਂ ਇਲਾਵਾ ਸਾਰੀ ਬਾਣੀ ਰਾਗਾਂ ਵਿੱਚ ਦਰਜ ਹੈ ਅਤੇ ਇਨ੍ਹਾਂ ਰਾਗਾਂ ਦੀ ਗਿਣਤੀ 31 ਹੈ। ਇਹਨਾਂ 31 ਰਾਗਾਂ ਦੇ ਅਗੋਂ ਉਪ ਰਾਗ ਵੀ ਹਨ। ਇਹ 31 ਰਾਗ ਹਨ:- ਰਾਗ ਸਿਰੀ, ਰਾਗ ਮਾਝ, ਰਾਗ ਗਉੜੀ, ਰਾਗ ਆਸਾ, ਰਾਗ ਗੂਜਰੀ, ਰਾਗ ਦੇਵ ਗੰਧਾਰੀ, ਰਾਗ ਬਿਹਾਗੜਾ, ਰਾਗ ਵਡਹੰਸ, ਰਾਗ ਸੋਰਠਿ, ਰਾਗ ਧਨਾਸਰੀ, ਰਾਗ ਜੈਤਸਰੀ, ਰਾਗ ਟੋਡੀ, ਰਾਗ ਬੈਰਾੜੀ, ਰਾਗ ਤਿਲੰਗ, ਰਾਗ ਸੂਹੀ, ਰਾਗ ਬਿਲਾਵਲੁ, ਰਾਗ ਗੋਂਡ, ਰਾਗ ਰਾਮਕਲੀ, ਰਾਗ ਨਟ ਨਾਰਾਇਣ, ਰਾਗ ਮਾਲੀ ਗਉੜਾ, ਰਾਗ ਮਾਰੂ, ਰਾਗ ਤੁਖਾਰੀ, ਰਾਗ ਕੇਦਾਰਾ, ਰਾਗ ਭੈਰਉ, ਰਾਗ ਬਸੰਤ, ਰਾਗ ਸਾਰੰਗ, ਰਾਗ ਮਲਾਰ, ਰਾਗ ਕਾਨੜਾ, ਰਾਗ ਕਲਿਆਨ, ਰਾਗ ਪ੍ਰਭਾਤੀ ਬਿਭਾਸ ਅਤੇ ਰਾਗ ਜੈਜਾਵੰਤੀ। ਜੇਕਰ ਇਹਨਾਂ ਦੇ ਉਪ ਰਾਗਾਂ ਦੀ ਗੱਲ ਕਰੀਏ ਤਾਂ ਗਾਉੜੀ ਰਾਗ ਦੇ ਉਪਰਾਗ ਹਨ:- ਰਾਗ ਗਉੜੀ ਗੁਆਰੇਰੀ, ਰਾਗ ਗਉੜੀ, ਰਾਗ ਗਉੜੀ ਦਖਣੀ, ਰਾਗ ਗਉੜੀ ਚੇਤੀ, ਰਾਗ ਗਉੜੀ ਬੈਰਾਗਣਿ, ਰਾਗ ਗਉੜੀ ਦੀਪਕੀ, ਰਾਗ ਗਉੜੀ ਪੂਰਬੀ ਦੀਪਕੀ, ਰਾਗ ਗਉੜੀ ਪੂਰਬੀ, ਰਾਗ ਗਉੜੀ ਮਾਝ, ਰਾਗ ਗਉੜੀ ਮਾਲਵਾ, ਰਾਗ ਗਉੜੀ ਮਾਲਾ, ਰਾਗ ਗਉੜੀ ਸੋਰਠਿ। ਇਹਨਾਂ ਤੋਂ ਇਲਾਵਾ ਰਾਗ ਆਸਾਵਰੀ, ਰਾਗ ਆਸਾ ਕਾਫੀ, ਰਾਗ ਦੇਵ ਗੰਧਾਰੀ, ਰਾਗ ਵਡਹੰਸ ਦਖਣੀ, ਰਾਗ ਤਿਲੰਗ ਕਾਫੀ, ਰਾਗ ਲਲਿਤ, ਰਾਗ ਸੂਹੀ ਕਾਫੀ, ਰਾਗ ਸੂਹੀ ਲਲਿਤ, ਰਾਗ ਬਿਲਾਵਲੁ ਦਖਣੀ, ਰਾਗ ਬਿਲਾਵਲੁ ਮੰਗਲ, ਰਾਗ ਬਿਲਾਵਲੁ ਗੋਂਡ, ਰਾਗ ਰਾਮਕਲੀ ਦਖਣੀ, ਰਾਗ ਰਾਮਕਲੀ ਆਨੰਦ, ਰਾਗ ਨਟ, ਰਾਗ ਮਾਰੂ ਕਾਫੀ, ਰਾਗ ਮਾਰੂ ਦਖਣੀ, ਰਾਗ ਬਸੰਤੁ ਹਿੰਡੋਲ, ਰਾਗ ਹਿੰਡੋਲ, ਰਾਗ ਕਲਿਆਨ ਭੋਪਾਲੀ, ਰਾਗ ਪ੍ਰਭਾਤੀ, ਰਾਗ ਬਿਭਾਸ, ਰਾਗ ਪ੍ਰਭਾਤੀ ਦਖਣੀ, ਰਾਗ ਬਿਭਾਸ ਪ੍ਰਭਾਤੀ ਉਪਰਾਗ ਹਨ।

ਸੰਗੀਤ ਦੀ ਸ਼ੁਰੂਆਤ ਤਾਂ ਬਹੁਤ ਪਹਿਲਾਂ ਹੀ ਹੋ ਚੁੱਕੀ ਸੀ ਪਰ ਸਿੱਖ ਧਰਮ ਵਿੱਚ ਬਾਣੀ ਨੂੰ ਰਾਗਾਂ ਵਿੱਚ ਰਚਿਤ ਕਰਨ ਦੀ ਸ਼ੁਰੂਆਤ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਕੀਤੀ ਗਈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ੧੫ ਅਪ੍ਰੈਲ ੧੪੬੯ ਪੂਰਨਮਾਸ਼ੀ ਦੀ ਰਾਤ (ਜਿਸ ਦਿਨ ਚੰਦਰਮਾ ਪੂਰਾ ਹੁੰਦਾ ਹੈ) ਨੂੰ ਰਾਏ ਭੋਇ ਦੀ ਤਲਵੰਡੀ, ਲਾਹੌਰ ਵਿਖੇ ਜੋ ਕਿ ਹੁਣ ਪਾਕਿਸਤਾਨ ਵਿੱਚ ਹੈ ਵਿਖੇ ਮਾਤਾ ਤ੍ਰਿਪਤਾ ਜੀ ਤੇ ਪਿਤਾ ਮਹਿਤਾ ਕਾਲੂ ਜੀ ਦੇ ਘਰ ਹੋਇਆ। ਆਪਣੇ ਸ਼ੁਰੂਆਤੀ ਜੀਵਨ ਵਿੱਚ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਬਹੁਤ ਹੀ ਗਿਆਨ ਭਰਪੂਰ ਗੱਲਾਂ ਕਰਦੇ ਸਨ ਇਨ੍ਹਾਂ ਦੀਆਂ ਗੱਲਾਂ ਸੁਣ ਕੇ ਗਿਆਨਵਾਨ ਵਿਅਕਤੀ ਵੀ ਹੈਰਾਨ ਰਹਿ ਜਾਂਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਬਾਣੀ ਨੂੰ ਰਾਗਾਂ ਵਿਚ ਗਾ ਕੇ ਪ੍ਰਚਾਰਿਆ ਗਿਆ ਹੈ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆ

ਸੰਗੀਤਕ ਗਤੀਵਿਧੀਆਂ ਦੀ ਗੱਲ ਹੁੰਦੀ ਹੈ ਤੇ ਨਾਲ ਹੀ ਗੱਲ ਹੁੰਦੀ ਹੈ ਭਾਈ ਮਰਦਾਨਾ ਜੀ ਦੀ। ਭਾਈ ਕਾਨ੍ਹ ਸਿੰਘ ਨਾਭਾ ਜੀ ਅਨੁਸਾਰ ਭਾਈ ਮਰਦਾਨਾ ਜੀ ਦਾ ਜਨਮ ਸੰਨ 1459 ਈ. ਵਿਚ ਹੋਇਆ ਸੀ ਅਤੇ ਭਾਈ ਮਰਦਾਨਾ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਉਮਰ ਵਿੱਚ 10 ਸਾਲ ਵੱਡੇ ਸਨ ਅਤੇ ਰਬਾਬ ਵਜਾਉਣ ਵਿੱਚ ਉਨ੍ਹਾਂ ਦਾ ਕੋਈ ਸਾਨੀ ਨਹੀਂ ਸੀ। ਜਦੋਂ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਬਾਣੀ ਦਾ ਉਚਾਰਣ ਕਰਦੇ ਸਨ ਤਾਂ ਭਾਈ ਮਰਦਾਨਾ ਜੀ ਨਾਲ-ਨਾਲ ਰਬਾਬ ਵਜਾਉਂਦੇ ਸਨ। ਗੁਰੂ ਸਾਹਿਬ ਜੀ ਦੀ ਮਿੱਠੀ ਅਵਾਜ਼ ਵਿਚ ਉਚਾਰੀ ਗਈ ਬਾਣੀ ਦੇ ਨਾਲ ਭਾਈ ਮਰਦਾਨਾ ਜੀ ਵਲੋਂ ਅਜਿਹੀ ਰਬਾਬ ਵਜਾਈ ਜਾਂਦੀ ਸੀ ਕਿ ਪੂਰੀ ਕੁਦਰਤ ਹੀ ਬਾਣੀ ਵਿੱਚ ਲੀਨ ਹੋ ਜਾਂਦੀ ਸੀ ਅਤੇ ਕੁਦਰਤ ਪਵਿੱਤਰ ਹੋ ਜਾਂਦੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਵੀ ਗੁਰੂ ਸਾਹਿਬਾਨ ਨੇ ਬਾਣੀ ਨੂੰ ਰਾਗਾਂ ਵਿੱਚ ਹੀ ਗਾਇਆ ਗਿਆ ਅਤੇ ਇਹ ਪਰੰਪਰਾ ਚੱਲਦੀ ਰਹੀ। ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਸਾਰੰਦਾ ਨਾਮਕ ਤੰਤੀ ਸਾਜ਼ ਦਾ ਨਿਰਮਾਣ ਕੀਤਾ ਗਿਆ। ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਪੜਤਾਲ ਨਾਮਕ ਸ਼ਾਸਤਰੀ ਗਾਇਨ ਦੀ ਸ਼ੈਲੀ ਦੀ ਸ਼ੁਰੂਆਤ ਕੀਤੀ ਗਈ। ਬਾਕੀ ਗੁਰੂ ਸਾਹਿਬਾਨ ਦੁਆਰਾ ਵੀ ਬਾਣੀ ਨੂੰ ਰਾਗਾਂ ਵਿਚ ਗਾ ਕੇ ਅਤੇ ਗੁਰੂ ਸਾਹਿਬਾਨਾਂ ਦੁਆਰਾ ਬਣਾਏ ਗਏ ਸਾਜ਼ਾਂ ਦੀ ਵਰਤੋਂ ਕਰਕੇ ਪ੍ਰਚਾਰਿਆ ਅਤੇ ਪਾਸਾਰਿਆ ਗਿਆ।

**ਰਾਗ ਬਿਲਾਵਲੁ ਨੂੰ ਕਿਉਂ ਚੁਣਿਆ ਗਿਆ:** ਮੈਂ ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖਾਲਸਾ ਕਾਲਜ ਡੁਮੇਲੀ ਵਿਖੇ ਕਾਮਰਸ ਵਿਸ਼ੇ ਦਾ ਅਧਿਆਪਨ ਕਰਵਾਉਂਦਾ ਹਾਂ ਅਤੇ ਮੇਰਾ ਸੰਗੀਤ ਵਿਸ਼ੇ ਨਾਲ ਕੋਈ ਸਬੰਧ ਨਹੀਂ ਹੈ। ਪਰ ਮੈਂ ਸੰਗੀਤ ਸਿੱਖਣ ਦਾ ਚਾਹਵਾਨ ਹਾਂ ਅਤੇ ਮੈਂ ਚਾਹੁੰਦਾ ਹਾਂ ਕਿ ਮੈਂ ਵੀ ਹਰਮੋਨੀਅਮ ਦੇ ਨਾਲ ਸੰਗੀਤਕ ਗਤੀਵਿਧੀ ਕਰ ਸਕਾਂ। ਇਸ ਲਈ ਇਸੇ ਕਾਲਜ ਦੇ ਸੰਗੀਤ ਵਿਭਾਗ ਦੇ ਪ੍ਰੋਫੈਸਰ ਗੁਰਨਦਰ ਸਿੰਘ ਜੀ ਦੁਆਰਾ ਸਮੇਂ-ਸਮੇਂ ਤੇ ਮੈਨੂੰ ਸੰਗੀਤ ਦੀਆਂ ਗੁੱਝੀਆਂ ਗੱਲਾਂ ਬਾਰੇ ਦੱਸਿਆ ਜਾਂਦਾ ਰਿਹਾ ਹੈ। ਉਨ੍ਹਾਂ ਨੇ ਪਹਿਲਾਂ ਮੈਨੂੰ ਸਰਗਮ ਸਿਖਾਈ। ਸਰਗਮ ਸਿਖਾਉਣ ਤੋਂ ਬਾਅਦ ਉਨ੍ਹਾਂ ਨੇ ਮੈਨੂੰ ਜਿਹੜਾ ਪਹਿਲਾਂ ਰਾਗ ਸਿਖਾਇਆ ਉਸ ਰਾਗ ਦਾ ਨਾਮ ਹੈ- ਰਾਗ ਬਿਲਾਵਲੁ। ਇਸ ਲਈ ਮੈਂ ਇਹ ਆਰਟੀਕਲ ਰਾਗ ਬਿਲਾਵਲੁ ਉੱਪਰ ਹੀ ਲਿਖਿਆ ਹੈ ਅਤੇ ਰਾਗ ਬਿਲਾਵਲੁ ਸਬੰਧੀ ਹੀ ਖੋਜ ਕੀਤੀ ਹੈ ਤਾਂ ਕਿ ਇਸ ਆਰਟੀਕਲ ਦੇ ਨਾਲ-ਨਾਲ ਮੈਂ ਵੀ ਰਾਗ ਬਿਲਾਵਲੁ ਬਾਰੇ ਕੁਝ ਜਾਣ ਸਕਾਂ। ਸੰਗੀਤ ਸਿੱਖਣ ਵਿਚ ਇਹ ਅਜੇ ਮੇਰੀ ਸ਼ੁਰੂਆਤ ਹੈ ਅਤੇ ਮੈਂ ਸੰਗੀਤ ਬਾਰੇ ਜਿਆਦਾ ਕੁੱਝ ਨਹੀਂ ਜਾਣਦਾ। ਪ੍ਰੋਫੈਸਰ ਗੁਰਨਦਰ ਸਿੰਘ ਜੀ ਦੁਆਰਾ ਸਭ ਤੋਂ ਪਹਿਲਾਂ ਜਿਹੜਾ ਮੈਨੂੰ ਸ਼ਬਦ ਰਾਗ ਬਿਲਾਵਲੁ ਵਿੱਚ ਸਿਖਾਇਆ ਗਿਆ ਉਹ ਸ਼ਬਦ ਸਿੱਖ ਧਰਮ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਫੁਰਮਾਇਆ ਗਿਆ ਹੈ:-

ਬਿਲਾਵਲੁ ਮਹਲਾ 5॥
ਰਾਖੁ ਸਦਾ ਪ੍ਰਭ ਅਪਨੈ ਸਾਥ॥
ਤੂ ਹਮਰੋ ਪ੍ਰੀਤਮੁ ਮਨਮੋਹਨੁ ਤੁਝ ਬਿਨੁ ਜੀਵਨੁ ਸਗਲ ਅਕਾਥ॥1॥ਰਹਾਉ॥
ਰੰਕ ਤੇ ਰਾਉ ਕਰਤ ਖਿਨ ਭੀਤਰਿ ਪ੍ਰਭੁ ਮੇਰੋ ਅਨਾਥ ਕੋ ਨਾਥ॥
ਜਲਤ ਅਗਨਿ ਮਹਿ ਜਨ ਆਪਿ ਉਧਾਰੇ ਕਰਿ ਅਪੁਨੇ ਦੇ ਰਾਖੇ ਹਾਥ॥1॥
ਸੀਤਲ ਸੁਖੁ ਪਾਇਓ ਮਨ ਤ੍ਰਿਪਤੇ ਹਰਿ ਸਿਮਰਤ ਸ੍ਰਮ ਸਗਲੇ ਲਾਥ॥
ਨਿਧਿ ਨਿਧਾਨ ਨਾਨਕ ਹਰਿ ਸੇਵਾ ਅਵਰ ਸਿਆਨਪ ਸਗਲ ਅਕਾਥ॥2॥6॥122॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ: 828)

**ਰਾਗ ਬਿਲਾਵਲੁ ਕੀ ਹੈ:** ਰਾਗ ਬਿਲਾਵਲੁ ਸ਼ੁੱਧ ਸੁਰਾ ਦਾ ਰਾਗ ਹੈ। ਰਾਗ ਬਿਲਾਵਲੁ ਦੇ ਸਬੰਧ ਵਿਚ ਲਿਖਾਰੀਆਂ ਦੀਆਂ ਕਈ ਵਿਚਾਰਧਾਰਾਂ ਹਨ ਅਤੇ ਰਾਗ ਬਿਲਾਵਲੁ ਦੇ ਕਈ ਹੋਰ ਨਾਮ ਵੀ ਪ੍ਰਚਿੱਤ ਹਨ- ਵੇਲਾਵਲੀ, ਵਿਲਾਵਲੀ ਜਾਂ ਬਿਲਾਵਲੀ। ਕਈ ਵਿਚਾਰਧਾਰਕ ਇਹਨਾਂ ਨੂੰ ਅਲੱਗ-ਅਲੱਗ ਰਾਗ ਮੰਨਦੇ ਹਨ ਪਰ ਪੰਡਿਤ ਵਿਸ਼ਨੂੰ ਨਾਰਾਇਣ ਭਾਤਖੰਡੇ ਜੀ ਕਹਿੰਦੇ ਹਨ ਕਿ ਇਹਨਾਂ ਦੇ ਨਾਮ ਵਿਚ ਹੀ ਵੱਖਰੇਵਾਂ ਹੈ ਪਰ ਰਾਗ ਦੀ ਬਣਤਰ ਅਤੇ ਸੁਰਲਿਪੀ ਵਿਚ ਨਹੀਂ।

**ਰਾਗ ਬਿਲਾਵਲੁ ਕਿੰਨੇ ਪ੍ਰਕਾਰ ਦਾ ਹੈ:** ਰਾਗ ਬਿਲਾਵਲ ਦੇ ਦੋ ਉਪਰਾਗ ਹਨ। ਰਾਗ ਬਿਲਾਵਲੁ ਦਾ ਪਹਿਲਾਂ ਉਪਰਾਗ ਰਾਗ ਬਿਲਾਵਲੁ ਦਖਣੀ ਹੈ ਅਤੇ ਦੂਜਾ ਉਪਰਾਗ ਰਾਗ ਬਿਲਾਵਲੁ ਮੰਗਲ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਰਾਗ ਬਿਲਾਵਲੁ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਹੁਤ ਸਾਰੀ ਬਾਣੀ ਰਾਗ ਬਿਲਾਵਲੁ ਵਿਚ ਦਰਜ ਹੈ।ਰਾਗ ਬਿਲਾਵਲੁ ਪਹਿਲੇ ਪਹਿਰ ਦਾ ਰਾਗ ਭਾਵ ਅੰਮ੍ਰਿਤ ਵੇਲੇ ਦਾ ਰਾਗ ਹੈ।ਸ੍ਰੀ

ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ ਬਿਲਾਵਲੁ ਅੰਗ 795 ਤੋਂ ਅੰਗ 858 ਤੱਕ ਦਰਜ ਹੈ। ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਬਿਲਾਵਲੁ ਬਾਰੇ ਹੇਠ ਲਿਖਿਆ ਤੁਕਾਂ ਕਹੀਆਂ ਗਈਆਂ ਹਨ:-

ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ: 849)

ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ ਬਿਲਾਵਲੁ ਦੇ ਸਬੰਧ ਵਿਚ ਹੇਠ ਲਿਖੀਆਂ ਤੁਕਾਂ ਕਹੀਆਂ ਗਈਆਂ ਹਨ:-

ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ: 849)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ ਬਿਲਾਵਲੁ ਵਿਚ ਹੇਠ ਲਿਖੇ ਗੁਰੂ ਸਾਹਿਬਾਨ, ਭਗਤਾਂ ਅਤੇ ਭੱਟਾਂ ਦੇ ਨਾਲ-ਨਾਲ ਵਾਰਾਂ ਦਰਜ ਹਨ:-

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਬਿਲਾਵਲੁ ਵਿਚ ਦਰਜ ਦੁਪਦੇ

| ਲੜੀ ਨੰਬਰ | ਮਹਲਾ | ਗੁਰੂ ਸਾਹਿਬ ਜੀ ਦਾ ਨਾਮ | ਦਰਜ ਦੁਪਦੇ |
|---|---|---|---|
| 1 | ਮਹਲਾ 5 | ਸ੍ਰੀ ਗੁਰੂ ਅਰਜਨ ਦੇਵ ਜੀ | 70 |
| 2 | ਮਹਲਾ 9 | ਸ੍ਰੀ ਗੁਰੂ ਤੇਗ ਬਹਾਦਰ ਜੀ | 03 |

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਬਿਲਾਵਲੁ ਵਿਚ ਦਰਜ ਚਉਪਦੇ

| ਲੜੀ ਨੰਬਰ | ਮਹਲਾ | ਗੁਰੂ ਸਾਹਿਬ ਜੀ ਦਾ ਨਾਮ | ਦਰਜ ਚਉਪਦੇ |
|---|---|---|---|
| 1 | ਮਹਲਾ 1 | ਸ੍ਰੀ ਗੁਰੂ ਨਾਨਕ ਦੇਵ ਜੀ | 04 |
| 2 | ਮਹਲਾ 3 | ਸ੍ਰੀ ਗੁਰੂ ਅਮਰਦਾਸ ਜੀ | 06 |
| 3 | ਮਹਲਾ 4 | ਸ੍ਰੀ ਗੁਰੂ ਰਾਮਦਾਸ ਜੀ | 06 |
| 4 | ਮਹਲਾ 5 | ਸ੍ਰੀ ਗੁਰੂ ਅਰਜਨ ਦੇਵ ਜੀ | 57 |

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਬਿਲਾਵਲੁ ਵਿਚ ਦਰਜ ਅਸਟਪਦੀਆਂ

| ਲੜੀ ਨੰਬਰ | ਮਹਲਾ | ਗੁਰੂ ਸਾਹਿਬ ਜੀ ਦਾ ਨਾਮ | ਦਰਜ ਅਸਟਪਦੀਆਂ |
|---|---|---|---|
| 1 | ਮਹਲਾ 1 | ਸ੍ਰੀ ਗੁਰੂ ਨਾਨਕ ਦੇਵ ਜੀ | 02 |
| 2 | ਮਹਲਾ 3 | ਸ੍ਰੀ ਗੁਰੂ ਅਮਰਦਾਸ ਜੀ | 01 |
| 3 | ਮਹਲਾ 4 | ਸ੍ਰੀ ਗੁਰੂ ਰਾਮਦਾਸ ਜੀ | 06 |
| 4 | ਮਹਲਾ 5 | ਸ੍ਰੀ ਗੁਰੂ ਅਰਜਨ ਦੇਵ ਜੀ | 02 |

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਬਿਲਾਵਲੁ ਵਿਚ ਦਰਜ ਛੰਤ

| ਲੜੀ ਨੰਬਰ | ਮਹਲਾ | ਗੁਰੂ ਸਾਹਿਬ ਜੀ ਦਾ ਨਾਮ | ਦਰਜ ਛੰਤ |
|---|---|---|---|
| 1 | ਮਹਲਾ 1 | ਸ੍ਰੀ ਗੁਰੂ ਨਾਨਕ ਦੇਵ ਜੀ | 02 |
| 2 | ਮਹਲਾ 4 | ਸ੍ਰੀ ਗੁਰੂ ਰਾਮਦਾਸ ਜੀ | 02 |
| 3 | ਮਹਲਾ 5 | ਸ੍ਰੀ ਗੁਰੂ ਅਰਜਨ ਦੇਵ ਜੀ | 05 |

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਬਿਲਾਵਲੁ ਵਿਚ ਦਰਜ ਪੜਤਾਲ

| ਲੜੀ ਨੰਬਰ | ਮਹਲਾ | ਗੁਰੂ ਸਾਹਿਬ ਜੀ ਦਾ ਨਾਮ | ਦਰਜ ਪੜਤਾਲ |
|---|---|---|---|
| 1 | ਮਹਲਾ 4 | ਸ੍ਰੀ ਗੁਰੂ ਰਾਮਦਾਸ ਜੀ | 01 |
| 2 | ਮਹਲਾ 5 | ਸ੍ਰੀ ਗੁਰੂ ਅਰਜਨ ਦੇਵ ਜੀ | 02 |

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਬਿਲਾਵਲੁ ਵਿਚ ਦਰਜ ਵਾਰ ਸਤ/ਦਿਨਾਂ ਦੀ ਗੱਲ

| ਲੜੀ ਨੰਬਰ | ਮਹਲਾ | ਗੁਰੂ ਸਾਹਿਬ ਜੀ ਦਾ ਨਾਮ | ਦਰਜ ਸ਼ਬਦ |
|---|---|---|---|
| 1 | ਮਹਲਾ 3 | ਸ੍ਰੀ ਗੁਰੂ ਅਮਰਦਾਸ ਜੀ | 02 |

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਬਿਲਾਵਲੁ ਵਿਚ ਦਰਜ ਥਿਤੀ

| ਲੜੀ ਨੰਬਰ | ਮਹਲਾ | ਗੁਰੂ ਸਾਹਿਬ ਜੀ ਦਾ ਨਾਮ | ਦਰਜ ਥਿਤੀ |
|---|---|---|---|
| 1 | ਮਹਲਾ 1 | ਸ੍ਰੀ ਗੁਰੂ ਨਾਨਕ ਦੇਵ ਜੀ | 01 |

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਬਿਲਾਵਲੁ ਵਿਚ ਦਰਜ ਵਾਰ

ਬਿਲਾਵਲ ਕੀ ਵਾਰ

| ਲੜੀ ਨੰਬਰ | ਮਹਲਾ | ਗੁਰੂ ਸਾਹਿਬ ਜੀ ਦਾ ਨਾਮ | ਸ਼ਬਦ/ਸਲੋਕ ਦੀ igxqI |
|---|---|---|---|
| 1 | ਮਹਲਾ 1 | ਸ੍ਰੀ ਗੁਰੂ ਨਾਨਕ ਦੇਵ ਜੀ | 01 |
| 2 | ਮਹਲਾ 3 | ਸ੍ਰੀ ਗੁਰੂ ਅਮਰਦਾਸ ਜੀ | 11 |
| 3 | ਮਹਲਾ 4 | ਸ੍ਰੀ ਗੁਰੂ ਰਾਮਦਾਸ ਜੀ | 01 |

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਬਿਲਾਵਲੁ ਵਿਚ ਦਰਜ ਭਗਤਾਂ ਦੀ ਬਾਣੀ

| ਲੜੀ ਨੰਬਰ | ਭਗਤ ਜੀ ਦਾ ਨਾਮ | ਦਰਜ ਸ਼ਬਦ |
|---|---|---|
| 1 | ਭਗਤ ਕਬੀਰ ਜੀ | 12 |
| 2 | ਭਗਤ ਨਾਮਦੇਵ ਜੀ | 01 |
| 3 | ਭਗਤ ਰਵਿਦਾਸ ਜੀ | 02 |
| 4 | ਭਗਤ ਸਧਨਾ ਜੀ | 01 |

ਅੰਤਲੇ ਦੋ ਸ਼ਬਦ: ਉਪਰੋਕਤ ਦਰਸਾਏ ਗਏ ਅਨੁਸਾਰ ਪਤਾ ਚਲਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਬਿਲਾਵਲੁ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੋਂ ਇਲਾਵਾ ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ ਅਤੇ ਭਗਤ ਸਧਨਾ ਜੀ ਦੀ ਵੀ ਬਾਣੀ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਸਧਨਾ ਜੀ ਦਾ ਇਕ ਹੀ ਸ਼ਬਦ ਦਰਜ ਹੈ ਅਤੇ ਉਹ ਸ਼ਬਦ ਵੀ ਰਾਗ ਬਿਲਾਵਲੁ ਵਿਚ ਹੈ। ਰਾਗ ਬਿਲਾਵਲੁ ਵਿਚ ਇਕ ਵਾਰ ਵੀ ਆਉਂਦੀ ਹੈ ਜਿਸਦਾ ਨਾਮ ਹੈ ਬਿਲਾਵਲੁ ਕੀ ਵਾਰ। ਇਸ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਵਿਚਾਰਾਂ ਨੂੰ ਲਿਆ ਗਿਆ ਹੈ। ਰਾਗ ਬਿਲਾਵਲੁ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪਣੀ ਅਹਿਮ ਭੂਮਿਕਾ ਨਿਭਾਉਂਦਾ ਹੈ। ਇਹ ਰਾਗ ਪਹਿਲੇ ਪਹਿਰ ਦਾ ਰਾਗ ਹੋਣ ਕਰਕੇ ਪਰਮਾਤਮਾ ਨਾਲ ਜੋੜਨ ਦਾ ਕਾਰਜ ਵੀ ਕਰਦਾ ਹੈ।

ਮੇਰੇ ਦੁਆਰਾ ਪੇਸ਼ ਕੀਤੇ ਗਏ ਪਰਚੇ ਵਿਚ ਜੇਕਰ ਕੋਈ ਅਖ਼ਰ ਘੱਟ ਜਾਂ ਵੱਧ ਲਿਖ ਹੋ ਗਿਆ ਹੋਵੇ ਤਾਂ ਮੈਂ ਖ਼ਿਮਾ ਦਾ ਜਾਚਕ ਹਾਂ। ਹੋਈਆਂ ਭੁੱਲਾਂ ਲਈ ਮਾਫ਼ ਕਰਨਾ ਜੀ। ਸੋ ਇਹਨਾਂ ਸ਼ਬਦਾ ਨਾਲ ਹੀ ਪਰਮਾਤਮਾ ਦੇ ਨਾਲ-ਨਾਲ ਪ੍ਰੋ. ਗੁਰਨਦਰ ਸਿੰਘ ਅਤੇ ਸ. ਹਰਵਿੰਦਰ ਸਿੰਘ ਹਰਬੰਸਪੁਰ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਇਸ ਪੇਪਰ ਨੂੰ ਸਫ਼ਲਤਾਪੂਰਵਕ ਸੰਪੰਨ ਕਰਨ ਵਿਚ ਮੇਰੀ ਬਹੁਤ ਮੱਦਦ ਕੀਤੀ।

* ਸਹਾਇਕ ਪ੍ਰੋਫ਼ੈਸਰ, ਕਾਮਰਸ ਵਿਭਾਗ

ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖ਼ਾਲਸਾ ਕਾਲਜ, ਡੁਮੇਲੀ, ਫਗਵਾੜਾ (ਕਪੂਰਥਲਾ)

# ਰਾਗ ਨਾਇਕੀ ਕਾਨ੍ਹੜਾ

## ਸੁਰਲਿਪੀ ਸਰਦਾਰ ਗੁਰਬਖ਼ਸ਼ ਸਿੰਘ ਜੀ

Website: http://www.gurbaniraags.com

ਨਾਇਕੀ ਜਾਂ ਨਾਇਕੀ ਕਾਨ੍ਹੜਾ ਕਾਫੀ ਠਾਠ ਦਾ ਖਾੜਵ ਰਾਗ ਹੈ ਜਿਸ ਵਿੱਚ ਧੈਵਤ ਵਰਜਤ, ਗੰਧਾਰ ਕੋਮਲ, ਦੋਵੇਂ ਨਿਖਾਦ, ਰਿਖਬ ਮੱਧਯਮ ਸ਼ੁੱਧ ਹਨ। ਮੱਧਯਮ-ਖਰਜ ਦਾ ਵਾਦ ਸੰਵਾਦ ਦੱਸਿਆ ਜਾਂਦਾ ਹੈ ਪਰ ਸ੍ਰੀ ਪਰਵਰਧਨ ਅਨੁਸਾਰ ਪ ਸ ਦਾ ਵਾਦ ਸੰਵਾਦ ਹੈ ਜੋ ਜਿਆਦਾ ਉਚਿਤ ਲੱਗਦਾ ਹੈ। ਇਸ ਪੂਰਵਾਂਗ ਪ੍ਰਧਾਨ ਰਾਗ ਵਿੱਚ ਖਰਜ, ਮੱਧਯਮ ਅਤੇ ਪੰਚਮ ਨਿਆਸ ਦੇ ਸੁਰ ਹਨ। ਆਰੋਹ ਵਿੱਚ ਰਿਖਬ, ਰਿਖਬ-ਪੰਚਾਮ ਦੀ ਮੀਂਡ ਅਤੇ ਮੁਰਕੀਆਂ ਦੀ ਵਰਤੋਂ ਨਾਲ ਇਸ ਨੂੰ ਸੂਹਾ ਕਾੜ੍ਹੜਾ ਤੋਂ ਵੱਖਰਾ ਕੀਤਾ ਜਾਂਦਾ ਹੈ। ਇਸ ਦੇ ਗਾਉਣ ਦਾ ਸਮਾਂ ਰਾਤ ਦਾ ਦੂਸਰਾ ਪਹਿਰ ਹੈ।

**ਆਰੋਹ**: ਸ, ਨ਼ੁ ਸ ਰ [ਮ]ਗੁ ਮ ਰ ਪ, ਗੁ ਮ ਪ ਨੁ ਪ ਨ ਸੰ

**ਅਵਰੋਹ**: ਸੰ ਪ ਨੁ ਪ, ਨੁ ਪ ਗੁ ਮ, [ਸ]ਰ-ਸ

**ਮੁੱਖਅੰਗ**: ਨ਼ੁ ਸ [ਮ]ਰ ਪ, ਨੁ ਨੁ ਪ ਮ ਪ, ਗੁ ਮ ਪ ਮ ਰ ਸ ਰ-ਸ

**ਚਾਲ**: ਰ ਨ਼ੁ ਸ, [ਪ]ਨ਼ੁ ਪ਼, ਨ਼ੁ ਪ਼ ਸ, ਸ ਪ਼ ਨ਼ੁ ਪ਼ ਨ਼ ਸ, ਸ ਰ [ਮ]ਗੁ ਮ ਸ ਰ ਸ, ਸ ਰ ਮ ਰ ਪ - ਗੁ ਮ ਨੁ ਪ, ਨੁ ਨੁ ਪ ਮ ਪ [ਮ]ਗੁ ਮ ਰ ਪ, ਗੁ ਮ ਪ ਮ ਰ ਸ ਰ - ਸ, ਮ ਪ ਨੁ ਪ ਮ ਪ ਸੰ, ਮ ਪ ਨ ਸੰ ਰੰ ਗੁੰ ਮੰ ਰੰ ਸੰ, ਪ ਨੁ ਪ ਮ ਪ ਸੰ, ਪ ਨ ਸੰ ਪ ਨੁ ਪ, ਮ ਪ ਨੁ ਪ ਗੁ - ਗੁ ਮ ਰ ਪ, ਗੁ ਮ ਪ ਮ ਪ ਸੰ, ਸੰ - ਨੁ ਨੁ ਪ, ਪ ਮ ਗੁ ਮ [ਸ]ਰ ਸ ਨ਼ੁ ਪ਼ ਸ।

### ਰਾਗ ਨਾਇਕੀ ਕਾਨ੍ਹੜਾ (ਰੂਪਕ ਤਾਲ)

### ਅਸਥਾਈ

| | | | | | | | | | | | | | |
|---|---|---|---|---|---|---|---|---|---|---|---|---|---|
| ਨੁਨੁ | ਪ | ਮ | ਗੁ | ਮ | ਰਸ | ਸਰ | [ਰ]ਪ | - | ਮ- | ਮ | - | ਪ | - |
| ਗੁਰ | ਮੁ | ਖ | ਮਿ | ਲੇ | ss | ਸਿs | ਸ | s | ਜੁs | ਣਾ | s | s | s |
| ਗੁਮ | ਰ | ਸ | ਨ਼ੁ | ਪ਼ | ਨ਼ੁ | ਸ | ਰ | ਗੁ | ਮ | ਮ | [ਸ]ਰ | ਸ | - |
| ਹੁਰ | ਪ੍ਰ | ਭ | ਪਾ | ਇ | ਆ | s | ਰੰ | s | s | ਗ | s | s | s |
| x | | | ੨ | | ੩ | | x | | | ੨ | | ੩ | |

## ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| | | | | | | | | | | | | | ਮਮ |
| | | | | | | | | | | | | | ਜਨ |
| ਮ | ਰ | ਪ | ਨੁ | ਪ | ਨ | ਸੰ | ਸੰਰੰ | ਗੁੰ | ਮੰ | (ਸੰ)ਰੰ | – | ਸੰ | – |
| ਨਾ | ਨ | ਕ | ਨਾ | ऽ | ਮ | ਸ | ਲਾऽ | ऽ | ਹਿ | ਤੂ | ऽ | ऽ | ऽ |
| ਸੰਸੰ | ਨ | ਸੰ | ਨੁ | ਪ | ਨੁਨੁ | ਮਪ | (ਮ)ਰ | ਪ | – | ਗੁ | ਮ | (ਸ)ਰ | – |
| ਲੁਡ | ਲੁ | ਡ | ਦ | ਰ | ਗਹਿ | ऽऽ | ਵੰ | ऽ | ऽ | ਞ | ऽ | ऽ | ऽ |
| x | | | ੨ | | ੩ | | x | | | ੨ | | ੩ | |

---

## ਸੁਰਲਿਪੀ ਵਾਲਾ ਸ਼ਬਦ ਅਤੇ ਉਸਦੇ ਅੰਗ੍ਰੇਜ਼ੀ ਵਿਚ ਅਰਥ

ਸਲੋਕ ਮਃ ੪ ॥
ਗੁਰਮੁਖਿ ਮਿਲੇ ਸਿ ਸਜਣਾ ਹਰਿ ਪ੍ਰਭ ਪਾਇਆ ਰੰਗੁ ॥
Shalok, Fourth Mehl:

ਜਨ ਨਾਨਕ ਨਾਮੁ ਸਲਾਹਿ ਤੂ ਲੁਡਿ ਲੁਡਿ ਦਰਗਹਿ ਵੰਞ ॥੧॥

Those Gurmukhs who meet as friends are blessed with the Lord God's Love.

ਮਃ ੪ ॥

O servant Nanak, praise the Naam, the Name of the Lord; you shall go to His court in joyous high spirits. ||1||

*(SGGS Page: 1318)*

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥
In the month of Bhaadon, she is deluded by doubt, because of her attachment to duality.

ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥
She may wear thousands of ornaments, but they are of no use at all.

ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥
On that day when the body perishes-at that time, she becomes a ghost.

ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥
The Messenger of Death seizes and holds her, and does not tell anyone his secret.

ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥
And her loved ones-in an instant, they move on, leaving her all alone.

ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥
She wrings her hands, her body writhes in pain, and she turns from black to white.

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥
As she has planted, so does she harvest; such is the field of karma.

ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥
Nanak seeks God's Sanctuary; God has given him the Boat of His Feet.

ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥੭॥
Those who love the Guru, the Protector and Savior, in Bhaadon, shall not be thrown down into hell. ||7||

*(SGGS Page: 133)*

RNI Regd. No.46788/89 ISSN 0972-2335

ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ ॥

In Bhaadon, the young woman is confused by doubt; later, she regrets and repents.

ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ ॥

The lakes and fields are overflowing with water; the rainy season has come - the time to celebrate!

ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ ॥

In the dark of night it rains; how can the young bride find peace? The frogs and peacocks send out their noisy calls.

ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ ॥

"Pri-o! Pri-o! Beloved! Beloved!" cries the rainbird, while the snakes slither around, biting.

ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ ॥

The mosquitoes bite and sting, and the ponds are filled to overflowing; without the Lord, how can she find peace?

ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ ॥੧੦॥

O Nanak, I will go and ask my Guru; wherever God is, there I will go. ||10||

*(SGGS Page: 1108)*